Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 28 | Thursday, February 10, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਗਵਰਨਰ ਜਨਰਲ ਸਾਇਮਨ ਆਈ ਕੋਵਿਡ-19 ਪਾਜ਼ੀਟਿਵ



ਓਟਵਾ, 9 ਫਰਵਰੀ (ਪੋਸਟ ਬਿਊਰੋ) : ਗਵਰਨਰ ਜਨਰਲ ਮੈਰੀ ਸਾਇਮਨ ਦਾ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੈ। ਇਹ ਜਾਣਕਾਰੀ ਉਨ੍ਹਾਂ ਦੇ ਆਫਿਸ ਵੱਲੋਂ ਬੁੱਧਵਾਰ ਨੂੰ ਦਿੱਤੀ ਗਈ।

ਇੱਕ ਬਿਆਨ ਵਿੱਚ ਸਾਇਮਨ ਨੇ ਆਖਿਆ ਕਿ ਉਨ੍ਹਾਂ ਨੂੰ ਹਲਕੇ ਲੱਛਣ ਮਹਿਸੂਸ ਹੋ ਰਹੇ ਹਨ ਤੇ ਉਹ ਸੈਲਫ ਆਈਸੋਲੇਸ਼ਨ ਜਾਰੀ ਰੱਖੇਗੀ। ਰੀਡੋ ਹਾਲ ਨੇ ਮੰਗਲਵਾਰ ਨੂੰ ਇਹ ਐਲਾਨ ਕੀਤਾ ਸੀ ਕਿ ਸਾਇਮਨ ਦੇ ਪਤੀ ਵਿਟ ਫਰੇਜ਼ਰ ਕੋਵਿਡ-19 ਪਾਜ਼ੀਟਿਵ ਆਏ ਹਨ। ਦੋਵਾਂ ਜੀਆਂ ਦੀ ਪੂਰੀ ਵੈਕਸੀਨੇਸ਼ਨ ਹੋਈ ਪਈ ਹੈ ਤੇ ਦੋਵਾਂ ਨੇ ਬੂਸਟਰ ਡੋਜ਼ ਵੀ ਲਈ ਹੋਈ ਹੈ।

ਸਾਇਮਨ ਨੇ ਆਖਿਆ ਕਿ ਅਜੇ ਅਸੀਂ ਮਹਾਂਮਾਰੀ ਤੋਂ ਬਾਹਰ ਨਹੀਂ ਆਏ ਹਾਂ ਪਰ ਇਸ ਪਾਸੇ ਅਸੀਂ ਕਮਾਲ ਦਾ ਕੰਮ ਕੀਤਾ ਹੈ। ਉਨ੍ਹਾਂ ਆਖਿਆ ਕਿ ਵਾਇਰਸ ਨਾਲ ਲੜਨ ਲਈ ਉਨ੍ਹਾਂ ਦੀ ਮਦਦ ਕਰਨ ਵਾਲਿਆਂ ਵਾਸਤੇ ਉਹ ਸ਼ੁਕਰਗੁਜ਼ਾਰ ਹਨ।

## ਵਰਕਿੰਗ ਪਰਿਵਾਰਾਂ ਲਈ ਓਨਟਾਰੀਓ ਸਰਕਾਰ ਤਿਆਰ ਕਰ ਰਹੀ ਹੈ ਨਵੀਆਂ ਚਾਈਲਡ ਕੇਅਰ ਸਪੇਸਿਜ਼



ਬਰੈਂਪਟਨ, 9 ਫਰਵਰੀ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਰਕਿੰਗ ਪਰਿਵਾਰਾਂ ਦੀ ਮਦਦ ਲਈ ਓਨਟਾਰੀਓ ਸਰਕਾਰ ਐਗਨਸ ਟੇਲਰ ਪਬਲਿਕ ਸਕੂਲ ਵਿੱਚ 73 ਚਾਈਲਡ ਕੇਅਰ ਸਪੇਸਿਜ਼ ਕਾਇਮ ਕਰਨ ਵਾਸਤੇ 2.1 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ।

ਇਸ ਨਿਵੇਸ਼ ਦਾ ਐਲਾਨ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਰਕਾਰੀਆ ਵੱਲੋਂ ਕੀਤਾ ਗਿਆ। ਇਹ ਨਿਵੇਸ਼ ਫੋਰਡ ਸਰਕਾਰ ਵੱਲੋਂ ਪ੍ਰੋਵਿੰਸ ਭਰ ਵਿੱਚ ਕਿਫਾਇਤੀ ਚਾਈਲਡ ਕੇਅਰ ਮੁਹੱਈਆ ਕਰਵਾਉਣ ਦੀ ਪ੍ਰਗਟਾਈ ਗਈ ਵਚਨਬੱਧਤਾ ਦਾ ਹੀ ਹਿੱਸਾ ਹੈ।

ਪ੍ਰੋਵਿੰਸ ਵਿੱਚ ਅਰਲੀ ਯੀਅਰਜ਼ ਕੈਪੀਟਲ ਪ੍ਰੋਗਰਾਮ ਰਾਹੀਂ ਮੁਕੰਮਲ ਹੋਣ ਉੱਤੇ ਇਸ ਪ੍ਰੋਜੈਕਟ ਤਹਿਤ ਇੱਕ ਇਨਫੈਂਟ ਰੂਮ, ਇੱਕ ਟੌਡਲਰ ਰੂਮ ਤੇ ਦੋ ਪ੍ਰੀ ਸਕੂਲ ਰੂਮਜ਼ ਮੁਹੱਈਆ ਕਰਵਾਏ ਜਾਣਗੇ। ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਪਿੱਛੇ ਜਿਹੇ ਕੀਤੇ ਗਏ ਐਲਾਨ ਅਨੁਸਾਰ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਐਗਨਸ ਟੇਲਰ ਪਬਲਿਕ ਸਕੂਲ ਵਿੱਚ ਕੀਤਾ ਜਾਣ ਵਾਲਾ ਇਹ ਪਸਾਰ ਸਕੂਲ ਤੇ ਚਾਈਲਡ ਕੇਅਰ ਸਪੇਸਿਜ਼ ਲਈ ਖਰਚ ਕੀਤੇ ਜਾਣ ਵਾਲੇ 600 ਮਿਲੀਅਨ ਡਾਲਰ ਦਾ ਹਿੱਸਾ ਹੈ। ਸਮੁੱਚੇ ਨਿਵੇਸ਼ ਰਾਹੀਂ 78 ਸਕੂਲਾਂ ਤੇ ਚਾਈਲਡ ਕੇਅਰ ਪ੍ਰੋਜੈਕਟਸ ਦੀ ਮਦਦ ਕੀਤੀ ਜਾਵੇਗੀ।

ਇਸ ਨਿਵੇਸ਼ ਲਈ ਪ੍ਰੋਵਿੰਸ ਵੱਲੋਂ 95 ਮਿਲੀਅਨ ਡਾਲਰ ਤੋਂ ਵੱਧ ਖਰਚ ਕੀਤੇ ਜਾਣਗੇ। ਇਨ੍ਹਾਂ ਪੈਸਿਆਂ ਨਾਲ ਓਨਟਾਰੀਓ ਭਰ ਦੇ 55 ਚਾਈਲਡ ਕੇਅਰ ਸੈਂਟਰਜ਼ ਉੱਤੇ ਮੁਰੰਮਤ ਕਰਕੇ ਜਾਂ ਉਨ੍ਹਾਂ ਦਾ ਪਸਾਰ ਕਰਕੇ 3,000 ਚਾਈਲਡ ਕੇਅਰ ਸਪੇਸਿਜ਼ ਕਾਇਮ ਕੀਤੀਆਂ ਜਾਣਗੀਆਂ। ਇਸ ਨਿਵੇਸ਼ ਨਾਲ ਪਰਿਵਾਰਾਂ ਨੂੰ ਆਪਣੇ ਬੱਚਿਆਂ ਲਈ ਵਧੇਰੇ ਬਦਲ ਮਿਲ ਸਕਣਗੇ। ਓਨਟਾਰੀਓ ਭਰ ਵਿੱਚ ਪ੍ਰੋਵਿੰਸ ਵੱਲੋਂ ਕੁੱਲ 40 ਇਨਫੈਂਟ ਰੂਮ (400 ਨਵੀਆਂ ਸਪੇਸਿਜ਼), 59 ਟੌਡਲਰ ਰੂਮ (885 ਨਵੀਆਂ ਸਪੇਸਿਜ਼), 71 ਪ੍ਰੀਸਕੂਲ ਰੂਮ(1,704 ਨਵੀਆਂ ਸਪੇਸਿਜ਼), ਸੱਤ ਫੈਮਿਲੀ ਏਜ ਗਰੁੱਪ ਰੂਮ(105 ਨਵੀਆਂ ਸਪੇਸਿਜ਼) ਕਾਇਮ ਕੀਤੀਆਂ ਜਾਣਗੀਆਂ।

ਇਸ ਮੌਕੇ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਪਿਛਲੀਆਂ ਸਰਕਾਰਾਂ ਵੇਲੇ ਇਸ ਪਾਸੇ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਗਿਆ। ਪਰ ਅਸੀਂ ਪਰਿਵਾਰਾਂ ਦੀ ਮਦਦ ਕਰਨ ਤੇ ਉਨ੍ਹਾਂ ਨੂੰ ਕਿਫਾਇਤੀ ਚਾਈਲਡ ਕੇਅਰ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੁੰਦੇ।

## ਫਰੀਡਮ ਕੌਨਵੌਏ ਦੇ ਮੁਜ਼ਾਹਰਿਆਂ ਨੂੰ ਰੋਕਣ ਲਈ ਪੁਲਿਸ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਹਨ ਚੇਤਾਵਨੀਆਂ




ਓਟਵਾ, 9 ਫਰਵਰੀ (ਪੋਸਟ ਬਿਊਰੋ) : ਫਰੀਡਮ ਕੌਨਵੌਏ ਵੱਲੋਂ ਕੀਤੇ ਜਾ ਰਹੇ ਮੁਜ਼ਾਹਰਿਆਂ ਦੇ ਦੂਜੇ ਹਫਤੇ ਜਾਰੀ ਰਹਿਣ ਦੇ ਮੱਦੇਨਜ਼ਰ ਓਟਵਾ ਪੁਲਿਸ ਸਰਵਿਸ ਵੱਲੋਂ ਮੁਜ਼ਾਹਰਾਕਾਰੀਆਂ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਆਖਿਆ ਗਿਆ ਹੈ ਕਿ ਡਾਊਨਟਾਊਨ ਵਿੱਚ ਸੜਕਾਂ ਰੋਕੀ ਬੈਠੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਤੇ ਉਨ੍ਹਾਂ ਦੇ ਟਰੱਕਾਂ ਨੂੰ ਜ਼ਬਤ ਕਰ ਲਿਆ ਜਾਵੇਗਾ।

ਵੈਕਸੀਨ ਨੂੰ ਲਾਜ਼ਮੀ ਕੀਤੇ ਜਾਣ ਤੇ ਮਹਾਂਮਾਰੀ ਸਬੰਧੀ ਪਾਬੰਦੀਆਂ ਦਾ ਵਿਰੋਧ ਕਰਨ ਲਈ ਦੋ ਹਫਤਿਆਂ ਤੋਂ ਮੁਜ਼ਾਹਰਾਕਾਰੀ ਸਿਟੀ ਦੇ ਡਾਊਨਟਾਊਨ ਵਿੱਚ ਡੇਰਾ ਲਾਈ ਬੈਠੇ ਹਨ। ਕੂਟਸ, ਅਲਬਰਟਾ ਵਿੱਚ ਵੀ ਸਰਹੱਦ ਉੱਤੇ ਟਰੱਕ ਡਰਾਈਵਰ ਤੇ ਹੋਰ ਲੋਕ ਓਟਵਾ ਵਿੱਚ ਜਾਰੀ ਮੁਜ਼ਾਹਰਿਆਂ ਦਾ ਸਮਰਥਨ ਕਰਨ ਲਈ ਰਾਹ ਰੋਕੀ ਬੈਠੇ ਹਨ। ਆਰਸੀਐਮਪੀ ਵੱਲੋਂ ਇਨ੍ਹਾਂ ਲੋਕਾਂ ਨੂੰ ਕਿਤੇ ਹੋਰ ਜਾ ਕੇ ਰੋਸ ਪ੍ਰਗਟਾਉਣ ਲਈ ਆਖਣ ਦੀ ਕੀਤੀ ਜਾ ਰਹੀ ਕੋਸ਼ਿਸ਼ ਦਾ ਵੀ ਉਨ੍ਹਾਂ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ ਤੇ ਉਨ੍ਹਾਂ ਆਖਿਆ ਕਿ ਉਹ ਕਿਤੇ ਨਹੀਂ ਜਾਣਗੇ। ਇਸ ਉੱਤੇ ਪੁਲਿਸ ਅਧਿਕਾਰੀਆਂ ਵੱਲੋਂ ਟਿਕਟਾਂ ਜਾਰੀ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ।

ਇੱਕ ਹੋਰ ਮੁਜ਼ਾਹਰਾ ਵਿੰਡਸਰ, ਓਨਟਾਰੀਓ ਵਿੱਚ ਅੰਬੈਸਡਰ ਬ੍ਰਿੱਜ ਉੱਤੇ ਕੈਨੇਡਾ ਵਾਲੇ ਪਾਸੇ ਕੀਤਾ ਜਾ ਰਿਹਾ ਹੈ। ਇਹ ਮੁਜ਼ਾਹਰਾ ਸੋਮਵਾਰ ਤੋਂ ਸ਼ੁਰੂ ਹੋਇਆ। ਇੱਥੇ ਲਾਏ ਗਏ ਜਾਮ ਤੋਂ ਪਰੇਸ਼ਾਨ ਸਿਟੀ ਆਫ ਵਿੰਡਸਰ ਤੇ ਲੋਕਲ ਪੁਲਿਸ ਸਰਵਿਸ ਵੱਲੋਂ ਪ੍ਰੋਵਿੰਸ਼ੀਅਲ ਤੇ ਫੈਡਰਲ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ। ਵਿੰਡਸਰ ਦੇ ਮੇਅਰ ਡਰਿਊ ਡਿਲਕਨਜ਼ ਨੇ ਆਖਿਆ ਕਿ ਅਸੀਂ ਸ਼ਾਂਤਮਈ ਤੇ ਸੁਰੱਖਿਅਤ ਢੰਗ ਨਾਲ ਇਹ ਮੁੱਦਾ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਨਾਲ ਸਾਡੇ ਅਰਥਚਾਰੇ ਨੂੰ ਨੁਕਸਾਨ ਪਹੁੰਚ ਰਿਹਾ ਹੈ, ਲੋਕਾਂ ਦੀਆਂ ਨੌਕਰੀਆਂ ਉੱਤੇ ਬਣੀ ਹੋਈ ਹੈ ਤੇ ਇਸ ਨੂੰ ਸਵੀਕਾਰਿਆ ਨਹੀਂ ਜਾ ਸਕਦਾ। ਅਸੀਂ ਇਸ ਨੂੰ ਜਾਰੀ ਨਹੀਂ ਰੱਖਣ ਦੇ ਸਕਦੇ।

ਹੋਰਨਾਂ ਕਮਿਊਨਿਟੀਜ਼ ਵਿੱਚ ਵੀ ਪੁਲਿਸ ਤੇ ਸਰਕਾਰਾਂ ਨੂੰ ਇਸ ਤਰ੍ਹਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਸੋਸ਼ਲ ਮੀਡੀਆ ਉੱਤੇ ਮੁਜ਼ਾਹਰੇ ਦੀ ਮਿਲੀ ਅਪਡੇਟ ਤੋਂ ਬਾਅਦ ਉਨ੍ਹਾਂ ਵੱਲੋਂ ਕੁਈਨਜ਼ ਪਾਰਕ ਸਰਕਲ ਨੂੰ ਬੰਦ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

## ਬੈਰੀ ਦੀ 3 ਸਾਲਾ ਬੱਚੀ ਲਈ ਜਾਰੀ ਕੀਤਾ ਗਿਆ ਐਂਬਰ ਐਲਰਟ

ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : ਬੈਰੀ, ਓਨਟਾਰੀਓ ਤੋਂ 3 ਸਾਲਾਂ ਦੀ ਬੱਚੀ ਲਈ ਐਂਬਰ ਐਲਰਟ ਜਾਰੀ ਕੀਤਾ ਗਿਆ ਹੈ।

ਬੈਰੀ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਉਹ ਤਿੰਨ ਸਾਲਾਂ ਦੀ ਐਰਾਬੈਲਾ ਵਿਏਨੂੰ ਦੇ ਲਾਪਤਾ ਹੋਣ ਕਾਰਨ ਕਾਫੀ ਚਿੰਤਤ ਹਨ। ਬੈਰੀ ਪੁਲਿਸ ਕਮਿਊਨਿਕੇਸ਼ਨਜ਼ ਦੇ ਕੋ-ਆਰਡੀਨੇਟਰ ਪੀਟਰ ਲਿਓਨ ਨੇ ਆਖਿਆ ਕਿ ਮੰਗਲਵਾਰ ਨੂੰ ਇੱਕ ਘਰ ਵਿੱਚ ਦੋ ਬੱਚੇ ਹੋਣੇ ਚਾਹੀਦੇ ਸਨ ਪਰ ਉੱਥੇ ਸਿਰਫ ਇੱਕ ਬੱਚਾ ਹੀ ਮੌਜੂਦ ਸੀ। ਪੁਲਿਸ ਅਧਿਕਾਰੀਆਂ ਨੇ ਘਰ ਵਿੱਚ ਸਾਰੇ ਪਾਸੇ ਚੰਗੀ ਤਰ੍ਹਾਂ ਜਾਂਚ ਕੀਤੀ ਪਰ ਉਨ੍ਹਾਂ ਨੂੰ ਦੂਜਾ ਬੱਚਾ ਨਹੀਂ ਲੱਭਿਆ।

ਲਿਓਨ ਨੇ ਆਖਿਆ ਕਿ ਪੁਲਿਸ ਨੂੰ ਨਹੀਂ ਲੱਗਦਾ ਕਿ ਐਰਾਬੈਲਾ ਨੂੰ ਅਗਵਾ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਵੀ ਸੰਭਾਵਨਾ ਹੈ ਕਿ ਉਸ ਨੂੰ ਕਿਸੇ ਦੋਸਤ ਦੇ ਘਰ ਰਾਤ ਨੂੰ ਸੌਣ ਲਈ ਛੱਡਿਆ ਗਿਆ ਹੋਵੇ। ਉਨ੍ਹਾਂ ਆਖਿਆ ਕਿ ਕਾਰਨ ਕੋਈ ਵੀ ਹੋਵੇ



ਉਸ ਦੀ ਸੇਫਟੀ ਨੂੰ ਲੈ ਕੇ ਉਹ ਕਾਫੀ ਚਿੰਤਤ ਹਨ। ਐਰਾਬੈਲਾ ਨੂੰ ਆਖਰੀ ਵਾਰੀ ਕਿਸੇ ਫੈਮਿਲੀ ਫਰੈਂਡ ਵੱਲੋਂ ਸ਼ਾਮੀਂ 5:30 ਵਜੇ ਟਨਬ੍ਰਿੱਜ ਰੋਡ ਦੇ ਇੱਕ ਘਰ ਵਿੱਚ ਵੇਖਿਆ ਗਿਆ ਸੀ।

ਪੁਲਿਸ ਵੱਲੋਂ ਜਾਰੀ ਕੀਤੇ ਗਏ ਵੇਰਵੇ ਅਨੁਸਾਰ ਉਹ ਤਿੰਨ ਫੁੱਟ ਦੀ, 30 ਤੋਂ 40 ਪਾਊਂਡ ਵਜ਼ਨੀ, ਬਲੌਂਡ ਵਾਲਾਂ ਵਾਲੀ ਹਰੀਆਂ ਅੱਖਾਂ ਵਾਲੀ ਬੱਚੀ ਹੈ। ਪੁਲਿਸ ਨੇ ਆਖਿਆ ਕਿ ਉਸ ਨੇ ਲਾਲ ਰੰਗ ਦੀ ਪੈਂਟ, ਗ੍ਰੇਅ ਟੀ-ਸ਼ਰਟ ਪਾਈ ਹੋ ਸਕਦੀ ਹੈ ਤੇ ਉਹ ਅਕਸਰ ਨੇਵੀ ਬਲੂ ਰੰਗ ਦੀ ਬੌਂਬਰ ਸਟਾਈਲ ਜੈਕੇਟ ਪਾਉਂਦੀ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇਮਿਗਰੇਸ਼ਨ ਸੇਵਾਵਾਂ 10-20% Discount
iccrc
Raj Narang
Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr™
AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਡਫ਼ੌਂਟ ਸਟੇਸ਼ਨ ਉੱਤੇ ਛੁਰੇਬਾਜ਼ੀ ਵਿੱਚ ਟੀਟੀਸੀ ਵਰਕਰ ਹੋਇਆ ਜ਼ਖ਼ਮੀ




ਓਨਟਾਰੀਓ, 9 ਫਰਵਰੀ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਡੁਫੌਂਟ ਸਟੇਸ਼ਨ ਉੱਤੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਟੀਟੀਸੀ ਵਰਕਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਪੁਲਿਸ ਅਧਿਕਾਰੀਆਂ ਨੂੰ ਸਵੇਰੇ 6:15 ਵਜੇ ਸਪੈਡਿਨਾ ਰੋਡ ਤੇ ਡੁਫੌਂਟ ਸਟਰੀਟ ਉੱਤੇ ਸਥਿਤ ਸਟੇਸ਼ਨ ਉੱਤੇ ਵਾਪਰੀ ਛੁਰੇਬਾਜ਼ੀ ਲਈ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ।ਪੈਰਾਮੈਡਿਕਸ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜੋ ਕਿ ਆਪਣੇ 40ਵਿਆਂ ਵਿੱਚ ਸੀ। ਟੀਟੀਸੀ ਵੱਲੋਂ ਪੁਸ਼ਟੀ ਕੀਤੀ ਗਈ ਹੈ ਕਿ ਜ਼ਖ਼ਮੀ ਵਿਅਕਤੀ ਉਨ੍ਹਾਂ ਦਾ ਮੁਲਾਜ਼ਮ ਸੀ ਪਰ ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਉਹ ਕੋਈ ਟਰੇਨ ਨਹੀਂ ਆਪਰੇਟ ਕਰ ਰਿਹਾ ਸੀ।

ਪੁਲਿਸ ਮੌਕੇ ਤੋਂ ਫਰਾਰ ਮਸ਼ਕੂਕ ਦੀ ਭਾਲ ਕਰ ਰਹੀ ਹੈ। ਮਸ਼ਕੂਕ 30 ਸਾਲਾਂ ਦਾ ਸਿਆਹ ਨਸਲ ਦਾ ਦਾੜ੍ਹੀ ਵਾਲਾ ਵਿਅਕਤੀ ਦੱਸਿਆ ਜਾਂਦਾ ਹੈ। ਉਸ ਨੂੰ ਕਾਲੇ ਰੰਗ ਦੀ ਜੈਕੇਟ, ਲਾਲ ਹੁਡੀ, ਕਾਲੀ ਜੀਨਜ਼ ਤੇ ਬੈਕਪੈਕ ਲਿਆਂ ਵੇਖਿਆ ਗਿਆ।

# ਨਰਿੰਦਰ ਮੋਦੀ ਨੇ ਕਿਹਾ: ਖੇਤੀ ਵਾਲੇ ਤਿੰਨ ਕਾਨੂੰਨ ਕਿਸਾਨਾਂ ਦੇ ਭਲੇ ਲਈ ਬਣਾਏ ਸੀ, ਦੇਸ਼ ਹਿੱਤ ਵਿੱਚ ਵਾਪਸ ਲਏ



ਨਵੀਂ ਦਿੱਲੀ, 10 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇੱਕ ਨਿਊਜ਼ ਏਜੰਸੀ ਲਈ ਦਿੱਤੇ ਵਿਸ਼ੇਸ਼ ਇੰਟਰਵਿਊ ਵਿੱਚ ਖੇਤੀਬਾੜੀ ਕਾਨੂੰਨਾਂ ਬਾਰੇ ਕਿਹਾ ਕਿ ਉਨ੍ਹਾਂ ਦੀ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਭਲੇ ਲਈ ਇਹ ਕਾਨੂੰਨ ਬਣਾਏ ਸਨ, ਇਨ੍ਹਾਂ ਦੇ ਵਿਰੁੱਧ ਕਿਸਾਨਾਂ ਨੇ ਲਗਭਗ ਇੱਕ ਸਾਲ ਦਿੱਲੀ ਦੀਆਂ ਸਰਹੱਦਾਂ ਉੱਤੇ ਅੰਦੋਲਨ ਕੀਤਾ ਤਾਂ ਦੇਸ਼ ਦੇ ਹਿੱਤਵਿੱਚ ਤਿੰਨੇ ਕਾਨੂੰਨ ਵਾਪਸ ਲੈ ਲਏ ਸਨ।

ਇਸ ਬਾਰੇ ਖੁੱਲ੍ਹ ਕੇ ਬੋਲਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਸਦਾ ਕਿਸਾਨਾਂ ਦੇ ਹਿੱਤ ਲਈ ਕੰਮ ਕੀਤਾ ਤੇ ਉਨ੍ਹਾਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ, 'ਮੈਂ ਕਿਸਾਨਾਂ ਦਾ ਦਿਲ ਜਿੱਤਣ ਲਈ ਯਾਤਰਾ ਉੱਤੇ ਹਾਂ, ਮੈਂ ਸੀਮਾਂਤ ਕਿਸਾਨਾਂ ਦਾ ਦਰਦ ਸਮਝਦਾ ਹਾਂ। ਮੈਂ ਉਨ੍ਹਾਂ ਦਾ ਦਿਲ ਜਿੱਤਣ ਦਾ ਯਤਨ ਕੀਤਾ ਹੈ। ਮੈਂ ਦੇਸ਼ ਭਰ ਦੇ ਕਿਸਾਨਾਂ ਦਾ ਦਿਲ ਜਿੱਤ ਲਿਆ ਅਤੇ ਉਨ੍ਹਾਂ ਨੇ ਹਮੇਸ਼ਾ ਮੇਰਾ ਸਮਰਥਨ ਕੀਤਾ ਹੈ।ਮੈਂ ਪਹਿਲਾਂ ਵੀ ਕਿਹਾ ਸੀ ਕਿ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਲਿਆਂਦੇ ਸਨ, ਦੇਸ਼ ਹਿੱਤਵਿੱਚ ਵਾਪਸ ਲਏ ਹਨ, ਮੈਨੂੰ ਨਹੀਂ ਲੱਗਦਾ ਕਿ ਇਸ ਨੂੰ ਹੋਰ ਵਿਆਖਿਆ ਦੀ ਲੋੜ ਹੈ।'ਕਿਸਾਨਾਂ ਨਾਲ ਗੱਲਬਾਤ ਬਾਰੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿਗੱਲਬਾਤ ਅਤੇ ਚਰਚਾ ਲੋਕਤੰਤਰ ਦਾ ਆਧਾਰ ਹੈ ਅਤੇ ਲੋਕਤੰਤਰ ਵਿੱਚ ਦੇਸ਼ ਦੇ ਲੋਕਾਂ ਨਾਲ ਗੱਲਬਾਤ ਕਰਨਾ ਲੋਕ ਪ੍ਰਤੀਨਿਧਾਂ ਦਾ ਫਰਜ਼ ਹੈ ਤੇ ਸਾਡੀ ਸਰਕਾਰ ਵਿਚਾਰ-ਵਟਾਂਦਰੇਵਿੱਚ ਰੁੱਝੀ ਰਹੀ ਹੈ, ਅਸੀਂ ਇਸਨੂੰ ਰੋਕਣ ਦੇ ਹੱਕ ਵਿੱਚ ਨਹੀਂ।ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਦੇਸ਼ ਦੇ ਆਮ ਨਾਗਰਿਕ ਕੋਲ ਗਿਆਨ ਦਾ ਭੰਡਾਰ ਹੈ ਅਤੇ ਸਰਕਾਰ ਉਨ੍ਹਾਂ ਤੋਂ ਮਿਲੀ ਫੀਡਬੈਕਤੋਂ ਕੰਮ ਕਰਨਾ ਚਾਹੁੰਦੀ ਹੈ। ਕਿਸੇ ਮੁੱਦੇ ਉੱਤੇ ਚਰਚਾ ਕਦੇ ਨਹੀਂ ਰੁਕਣੀ ਚਾਹੀਦੀ। ਮੇਰਾ ਮੰਨਣਾ ਹੈ ਕਿ ਲੋਕਾਂ ਨੂੰ ਮੇਰੀ ਤੇ ਮੇਰੀ ਸਰਕਾਰ ਦੀ ਰਾਏ ਸੁਣਨੀ ਚਾਹੀਦੀ ਤੇ ਗੱਲਬਾਤ ਜਾਰੀ ਰਹਿਣੀ ਚਾਹੀਦੀ ਹੈ।

ਵਰਨਣ ਯੋਗ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਤਿੰਨਾਂ ਖੇਤੀ ਕਾਨੂੰਨਾਂ ਦਾ ਮੁੱਖ ਤੌਰ ਉੱਤੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੇ ਨਵੰਬਰ 2020 ਤੋਂ ਦਿੱਲੀ ਸਰਹੱਦ ਉੱਤੇ ਵਿਰੋਧ ਸ਼ੁਰੂ ਕੀਤਾ ਸੀ। ਕਿਸਾਨ ਆਗੂਆਂ ਅਤੇ ਕੇਂਦਰ ਸਰਕਾਰ ਵਿਚਾਲੇ ਕਈ ਦੌਰ ਦੀ ਗੱਲਬਾਤ ਹੋਈ।ਫਿਰ 19 ਨਵੰਬਰ 2021 ਨੂੰ ਪ੍ਰਧਾਨ ਮੰਤਰੀ ਮੋਦੀ ਨੇ ਇੱਕ-ਤਰਫਾ ਐਲਾਨ ਕੀਤਾ ਕਿ ਖੇਤੀ ਕਾਨੂੰਨਾਂ ਨੂੰ ਸਰਕਾਰ ਵਾਪਸ ਲੈ ਲਵੇਗੀ।ਉਨ੍ਹਾ ਦੇ ਐਲਾਨ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਖੇਤੀ ਕਾਨੂੰਨਾਂ ਦਾ ਵਿਰੋਧ ਕਰਦੀਆਂ ਜਥੇਬੰਦੀਆਂ ਨੇ 9 ਦਸੰਬਰ 2021 ਨੂੰ ਇਸ ਕਿਸਾਨ ਮੋਰਚੇ ਨੂੰ ਸਸਪੈਂਡ ਕਰਨ ਦਾ ਐਲਾਨ ਕੀਤਾ ਸੀ ਤੇ 23 ਨਵੰਬਰ 2021 ਨੂੰ ਸ਼ੁਰੂ ਹੋਏ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨ ਦੌਰਾਨ ਜ਼ਰੂਰੀ ਬਿੱਲ ਪਾਸ ਕਰ ਕੇ ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰ ਦਿੱਤਾ ਗਿਆ ਸੀ।

# ਇੱਕ ਪਾਸੜ ਪਿਆਰ ਵਿੱਚ ਅਦਾਕਾਰਾ ਨੂੰ ਗੋਲੀ ਮਾਰ ਕੇ ਮਾਰਿਆ

ਲਾਹੌਰ, 9 ਫਰਵਰੀ (ਪੋਸਟ ਬਿਊਰੋ)- ਮੁਲਤਾਨ ਸ਼ਹਿਰ ਦੇ ਇਲਾਕੇ ਢੋਕੇ ਖੱਬਾ ਵਿੱਚ ਅਦਾਕਾਰਾ ਨਾਲ ਇੱਕ ਪਾਸੜ ਪਿਆਰ ਕਰਨ ਵਾਲੇ ਮੁਲਜ਼ਮ ਨੇ ਉਸਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਜਾਣਕਾਰ ਸੂਤਰਾਂ ਅਨੁਸਾਰ ਅਭਿਨੇਤਰੀ ਬਿਮਸ਼ਾਹ (24) ਮੁਲਤਾਨ ਵਿੱਚ ਆਪਣੀ ਮਾਂ ਨਾਲ ਕਿਰਾਏ ਦੇ ਘਰ ਵਿੱਚ ਰਹਿੰਦੀ ਸੀ।ਮ੍ਰਿਤਕਾ ਦੀ ਮਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਲੜਕੀ ਦੋ ਮਹੀਨੇ ਪਹਿਲਾ ਟੈਕਸਲਾ ਸ਼ਹਿਰ ਵਿੱਚ ਇੱਕ ਵਿਆਹ ਵਿੱਚ ਪ੍ਰਫਾਰਮ ਕਰਨ ਗਈ ਸੀ। ਉਥੇ ਹਮਜ਼ਾ ਨਾਲ ਦੇ ਇੱਕ ਨੌਜਵਾਨ ਨੇ ਉਸ ਨਾਲ ਦੋਸਤੀ ਦੀ ਕੋਸ਼ਿਸ਼ ਕੀਤੀ। ਕੱਲ੍ਹ ਸਵੇਰੇ ਲੱਗਭਗ ਛੇ ਵਜੇ ਹਮਜ਼ਾ, ਉਸਦਾ ਡਰਾਈਵਰ ਅਤੇ ਉਸ ਦਾ ਇੱਕ ਹੋਰ ਰਿਸ਼ਤੇਦਾਰ ਜ਼ਬਰਦਸਤੀ ਘਰ ਵਿੱਚਵੜੇ। ਦੋਸ਼ੀ ਨੇ ਬਿਮਸ਼ਾਹ ਨੂੰ ਜ਼ਬਰਦਸਤੀ ਲਿਜਾਣ ਦੀ ਕੋਸ਼ਿਸ਼ ਕੀਤੀ। ਜਦ ਉਸ ਨੇ ਵਿਰੋਧ ਕੀਤਾ ਤਾਂ ਹਮਜ਼ਾ ਨੇ ਉਸ ਨੂੰ ਗੋਲੀ ਮਾਰ ਦਿੱਤੀ, ਜਿਸ ਨਾਲ ਉਸਦੀ ਮੌਤ ਹੋ ਗਈ।

ਇਕ ਹੋਰ ਘਟਨਾ ਵਿੱਚ ਗੈਂਗਰੇਪ ਦੀ ਸ਼ਿਕਾਰ ਲੜਕੀ ਦੀ ਉਸਦੇ ਭਰਾ ਨੇ ਇਸ ਲਈ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਕਿ ਪੁਲਸ ਪ੍ਰਭਾਵਸ਼ਾਲੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ ਸੀ। ਕੁਝ ਦਿਨ ਪਹਿਲਾਂ ਜ਼ਿਲ੍ਹਾ ਸਰਗੋਧਾ ਦੇ ਪਿੰਡ ਮਹਿਕ ਲੁਡਕਾ ਵਿੱਚ ਇੱਕ 24 ਸਾਲਾਂ ਲੜਕੀ ਨਾਲ ਪਿੰਡ ਦੇ ਇੱਕ ਤਕੜੇ ਪਰਵਾਰ ਦੇ ਚਾਰ ਲੋਕਾਂ ਨੇ ਗੈਂਗਰੇਪ ਕੀਤਾ ਸੀ। ਇਸ ਬਾਰੇ ਪੁਲਸ ਦੇ ਕੋਲ ਸ਼ਿਕਾਇਤ ਹੋਣ ਦੇ ਬਾਵਜੂਦ ਪੁਲਸ ਉਨ੍ਹਾ ਨੂੰ ਗ੍ਰਿਫ਼ਤਾਰ ਨਹੀਂ ਕਰ ਰਹੀ ਸੀ। ਇਸ ਤੋਂ ਦੁੱਖੀ ਹੋ ਕੇ ਪੀੜਤਾ ਦੇ ਭਰਾ ਨੇ ਆਪਣੀ ਭੈਣ ਦੀਗੋਲੀ ਮਾਰ ਕੇ ਹੱਤਿਆ ਕਰ ਦਿੱਤੀ।

ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਦੋ ਹਿੰਦੂ ਨਾਬਾਲਗ ਲੜਕੀਆਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਅਗਵਾਕਾਰਾਂ ਨਾਲ ਨਿਕਾਹ ਕਰਵਾ ਦਿੱਤਾ ਗਿਆ। ਉਕਤ ਲੜਕੀਆਂ ਦੀ ਪਛਾਣ ਸਾਇਨਾ (15) ਅਤੇ ਸੋਨਮ (16) ਵਜੋਂ ਹੋਈ ਹੈ। ਇਨ੍ਹਾਂ ਦੋਵਾਂ ਚਚੇਰੀਆਂ ਭੈਣਾਂ ਨੂੰ ਅਗਵਾ ਓਦੋਂ ਕੀਤਾ ਗਿਆ, ਜਦੋਂ ਉਹ ਬਾਜ਼ਾਰ ਤੋ ਘਰ ਆ ਰਹੀਆਂ ਸਨ। ਇਸ ਬਾਰੇ ਕੱਲ੍ਹ ਦੁਪਹਿਰੇ ਇੱਕ ਵੀਡੀਓ ਵਾਇਰਲ ਹੋ ਗਿਆ, ਜੋ ਪੁਲਸ ਦੇ ਕੋਲ ਵੀ ਪਹੁੰਚਿਆ। ਇਸ ਵਿੱਚ ਇੱਕ ਕਮਰੇ ਵਿੱਚ ਭਾਰੀ ਭੀੜ ਵਿੱਚ ਲੜਕੀਆਂ ਤੋਂ ਇੱਕ ਪੱਤਰਕਾਰ ਪੁੱਛਦਾ ਹੈ ਕਿ ਕੀ ਤੁਸੀਂ ਦੋਵਾਂ ਨੇ ਅਗਵਾ ਕਰਨ ਵਾਲਿਆਂ ਨਾਲ ਆਪਣੀ ਮਰਜ਼ੀ ਨਾਲ ਧਰਮ ਤਬਦੀਲੀ ਕਰ ਕੇ ਨਿਕਾਹ ਕੀਤਾ ਹੈ, ਜਿਸ ਉੱਤੇ ਇੱਕ ਲੜਕੀ ਨੇ ਜਵਾਬ ਦਿੱਤਾ ਕਿ ਇਨ੍ਹੇ ਸਾਰੇ ਲੋਕਾਂ ਦੀ ਮੌਜੂਦਗੀ ਵਿੱਚ ਮੈਂ ਇਸ ਗੱਲ ਦਾ ਕੀ ਜਵਾਬ ਦੇ ਸਕਦੀ ਹਾਂ।

# ਪੁਤਿਨ ਵੱਲੋਂ ਧਮਕੀ: ਯੂਕਰੇਨ ਨਾਟੋ ਵਿੱਚ ਸ਼ਾਮਿਲ ਹੋਇਆ ਤਾਂ ਐਟਮੀ ਯੁੱਧ ਹੋਵੇਗਾ



ਮਾਸਕੋ, 10 ਫਰਵਰੀ, (ਪੋਸਟ ਬਿਊਰੋ)-ਯੂਕਰੇਨਬਾਰੇ ਤਣਾਅ ਦੌਰਾਨਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਚਿਤਾਵਨੀ ਦਿੱਤੀ ਹੈ ਕਿ ਯੂਕਰੇਨ ਨਾਟੋ ਵਿੱਚ ਸ਼ਾਮਲ ਹੋਇਆ ਤਾਂ ਐਟਮੀ ਯੁੱਧ ਹੋਵੇਗਾ।

ਵਲਾਦੀਮੀਰ ਪੁਤਿਨ ਨੇ ਇਹ ਚਿਤਾਵਨੀ ਓਦੋਂਦਿੱਤੀ ਹੈ, ਜਦੋਂ ਰੂਸ ਨੇ ਪੋਲੈਂਡ ਦੇ ਬਾਰਡਰਾਂ ਦੇ ਨੇੜੇ ਐਟਮੀ ਹਥਿਆਰ ਲਿਜਾਣ ਵਾਲੇ ਮਿਗ 31 ਦੇ ਜਹਾਜ਼ਾਂ ਨੂੰ ਤਾਇਨਾਤ ਕੀਤਾ ਹੈ।ਰੂਸ ਨੇ ਇਸ ਦਾ ਖੰਡਨ ਕੀਤਾ ਹੈ ਕਿ ਪੁਤਿਨ ਤੇ ਫ੍ਰਾਂਸੀਸੀ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਵਿਚਾਲੇਗੱਲਬਾਤ ਦੌਰਾਨ ਯੂਕਰੇਨ ਉੱਤੇ ਡੀਲ ਹੋਈ ਹੈ।ਇਸ ਮਾਮਲੇ ਵਿੱਚ ਰੂਸ ਦਾ ਇਹ ਬਿਆਨ ਓਦੋਂ ਆਇਆ, ਜਦੋਂ ਫਰਾਂਸ ਨੇ ਦਾਅਵਾ ਕੀਤਾ ਕਿ ਯੂਕਰੇਨ ਉੱਤੇਰੂਸੀ ਰਾਸ਼ਟਰਪਤੀ ਨਾਲ ਗੱਲਬਾਤ ਵਿੱਚਯੂਕਰੇਨ ਉੱਤੇਛੋਟ ਮਿਲ ਗਈ ਹੈ। ਪੁਤਿਨ ਨੇ ਗੱਲਬਾਤ ਦੌਰਾਨ ਵੀ ਕਿਹਾ ਸੀ ਕਿ ਪੱਛਮੀ ਦੇਸ਼ਾਂ ਨੇ ਸਾਡੀ ਚਿੰਤਾ ਉੱਤੇ ਧਿਆਨ ਨਹੀਂ ਦਿੱਤਾ। ਮੈਕਰੋਂ ਨੇ ਕਿਹਾ ਕਿ ਪੁਤਿਨ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਹ ਯੂਕਰੇਨਵਿੱਚ ਤਣਾਅ ਨਹੀਂ ਭੜਕਾਉਣਗੇ ਅਤੇ ਬੇਲਾਰੂਸਵਿੱਚ ਨਾ ਰੂਸ ਦਾ ਪੱਕਾ ਟਿਕਾਣਾ ਹੋਵੇਗਾ ਅਤੇ ਨਾ ਰੂਸੀ ਸੈਨਾ ਪੱਕੀ ਤਾਇਨਾਤ ਹੋਵੇਗੀ।ਰੂਸ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਆਪਣੇ ਸੈਨਿਕ ਬੇਲਾਰੂਸ ਭੇਜੇ ਹਨ।

ਇਸ ਦੌਰਾਨ ਰੂਸੀ ਰਾਸ਼ਟਰਪਤੀ ਦਫਤਰ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਫਰਾਂਸ ਦੇ ਬਿਆਨ ਉੱਤੇ ਕਿਹਾ ਕਿ ਇਹ ਖ਼ਬਰਾਂ ਗਲਤ ਹਨ, ਕਿਉਂਕਿ ਮਾਸਕੋ ਤੇ ਪੈਰਿਸ ਦਾ ਡੀਲ ਉੱਤੇ ਪੁੱਜਣਾ ਅਸੰਭਵ ਹੈ। ਉਨ੍ਹਾਂ ਕਿਹਾ ਕਿ ਰੂਸ ਨੂੰ ਮਹਿਸੂਸ ਹੁੰਦਾ ਹੈ ਕਿ ਹੱਲ ਦਾ ਕੋਈ ਰਸਤਾ ਨਹੀਂ ਤੇ ਚਿਤਾਵਨੀ ਦਿੱਤੀ ਕਿ ਦਿਨੋ-ਦਿਨ ਵਧਦਾ ਤਣਾਅ ਘਟਾਉਣ ਦੀ ਲੋੜ ਹੈ। ਇਸ ਤੋਂ ਪਹਿਲਾਂ ਪੁਤਿਨ ਤੇ ਮੈਕਰੋਂ ਵਿੱਚ ਕਈ ਘੰਟੇ ਚੱਲਦੀ ਰਹੀਗੱਲਬਾਤ ਵਿੱਚ ਪੁਤਿਨ ਨੇ ਫ੍ਰਾਂਸੀਸੀ ਰਾਸ਼ਟਰਪਤੀ ਮੈਕਰੋਂ ਨੂੰ ਕਿਹਾ ਕਿ ਉਹ ਫਿਰ ਇਸ ਗੱਲ ਉੱਤੇ ਜ਼ੋਰ ਦੇਣਾ ਚਾਹੁੰਦੇ ਹਨ ਕਿ ਜੇ ਯੂਕਰੇਨ ਨਾਟੋ ਵਿੱਚ ਸ਼ਾਮਲ ਹੁੰਦਾ ਹੈ ਤਾਂ ਯੂਰਪੀ ਦੇਸ਼ ਖੁਦ ਰੂਸ ਨਾਲ ਜੰਗ ਵਿੱਚ ਖਿੱਚੇ ਜਾਣਗੇ। ਪੁਤਿਨ ਨੇ ਚਿਤਾਵਨੀ ਦਿੱਤੀ ਕਿ ਯਕੀਨਨ ਨਾਟੋ ਤੇ ਰੂਸ ਵਿਚਾਲੇਫੌਜੀ ਸ਼ਕਤੀ ਬੇਮਿਸਾਲ ਹੈ। ਅਸੀਂ ਇਹ ਸਮਝਦੇ ਹਾਂ ਤੇ ਇਹ ਵੀ ਸਮਝਦੇ ਹਾਂ ਕਿ ਰੂਸਇੱਕ ਪ੍ਰਮੁੱਖ ਐਟਮੀ ਸ਼ਕਤੀ ਹੈ ਤੇ ਕੁਝ ਆਧੁਨਿਕ ਹਥਿਆਰ ਕਈ ਹੋਰਨਾਂ ਨੂੰ ਪਿੱਛੇ ਛੱਡ ਸਕਦੇ ਹਨ।ਪੁਤਿਨ ਨੇ ਕਿਹਾ ਕਿ ਇਸ ਵਿਚ ਕੋਈ ਜੇਤੂ ਨਹੀਂ ਹੋਵੇਗਾ, ਪਰ ਤੁਸੀਂ ਆਪਣੀ ਮਰਜ਼ੀ ਦੇ ਬਿਨਾਂ ਇਸ ਵਿਵਾਦ ਵਿੱਚ ਸ਼ਾਮਲ ਹੋ ਜਾਓਗੇ।

# ਭਗਵੰਤ ਮਾਨ ਨੇ ਚੱਲਦੀ ਚੋਣ ਦੌਰਾਨ ਪਾਰਲੀਮੈਂਟ ਵਿੱਚ ਕਿਸਾਨਾਂ ਦਾ ਮੁੱਦਾ ਜਾ ਉਠਾਇਆ

## * ਗੰਨਾ ਕਿਸਾਨਾਂ ਦੇ ਕਰੋੜਾਂ ਰੁਪਏ ਨਾ ਮਿਲਣ ਦਾ ਦੋਸ਼ ਲਾਇਆ



ਚੰਡੀਗੜ੍ਹ, 10 ਫਰਵਰੀ, (ਪੋਸਟ ਬਿਊਰੋ)-ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਲਈ ਧੂੰਆਂਧਾਰ ਪ੍ਰਚਾਰ ਵਿਚਾਲੇ ਛੱਡ ਕੇ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਭਗਵੰਤ ਮਾਨ ਪਾਰਲੀਮੈਂਟ ਮੈਂਬਰ ਵਜੋਂ ਜ਼ਿੰਮੇਵਾਰੀ ਨਿਭਾਉਣ ਲਈ ਦਿੱਲੀਜਾ ਪੁੱਜੇਅਤੇ ਪੰਜਾਬ ਦੇ ਅੰਨਦਾਤਾ ਕਿਸਾਨਾਂ ਨਾਲ ਜੁੜੇ ਮੁੱਦਿਆਂ ਨੂੰ ਲੋਕ ਸਭਾ ਵਿਚ ਜ਼ੋਰਦਾਰ ਢੰਗ ਨਾਲ ਚੁੱਕ ਕੇ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰ ਦਿੱਤਾ।

ਅੱਜ ਬੁੱਧਵਾਰ ਪਾਰਲੀਮੈਂਟਵਿੱਚ ਗੰਨਾ ਕਿਸਾਨਾਂ ਦਾ ਮੁੱਦਾ ਉਠਾ ਕੇ ਭਗਵੰਤ ਮਾਨ ਨੇ ਸਰਕਾਰ ਨੂੰ ਕਿਹਾਕਿਗੰਨਾ ਕਿਸਾਨਾਂ ਨੂੰ 2020-21 ਦੇ ਕਰੀਬ 1.25 ਕੋੜ ਰੁਪਏ ਅਤੇ 2021-22 ਦੇ ਕਰੀਬ 20 ਕਰੋੜ ਰੁਪਏ ਨਹੀਂ ਮਿਲੇ, ਜਿਸ ਕਾਰਨ ਉਹ ਪਰੇਸ਼ਾਨ ਹਨ।ਉਨ੍ਹਾ ਕਿਹਾ ਕਿ ਗੰਨੇ ਦੀ ਫ਼ਸਲ ਤਿਆਰ ਹੋਣ ਨੂੰ ਇੱਕ ਸਾਲ ਲੱਗਦਾ ਹੈ ਤੇ ਗੰਨਾ ਕਿਸਾਨਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਪੂਰਾ ਸਾਲ ਇਸੇ ਨਾਲ ਹੁੰਦਾ ਹੈ, ਪੈਸੇ ਦੇਰ ਨਾਲ ਮਿਲਣ ਤਾਂ ਉਨ੍ਹਾਂ ਨੂੰ ਕਾਫੀ ਮੁਸ਼ਕਲਾਂ ਝੱਲਣੀਆਂ ਪੈਂਦੀਆਂ ਹਨ। ਭਗਵੰਤ ਮਾਨ ਨੇ ਗੰਨਾ ਕਿਸਾਨਾਂ ਦਾ ਬਕਾਇਆ ਵਿਆਜ ਸਮੇਤ ਦੇਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਸ਼ੂਗਰਕੇਨਐਕਟ 1996 ਅਨੁਸਾਰ ਸਰਕਾਰ ਨੂੰ ਖੰਡ ਮਿੱਲ ਵਿਚ ਗੰਨਾ ਆਉਣ ਦੇ 14 ਦਿਨਾਂ ਅੰਦਰ ਅਦਾਇਗੀ ਕਰਨੀ ਹੁੰਦੀ ਹੈ, ਦੇਰੀ ਹੋਵੇ ਤਾਂ ਵਿਆਜ ਸਮੇਤ ਭੁਗਤਾਨ ਕਰਨਾ ਹੁੰਦਾ ਹੈ, ਇਸ ਲਈ ਸਰਕਾਰ ਨੂੰ ਕਾਨੂੰਨ ਦੀ ਪਾਲਣਾ ਕਰਵਾਉਣੀ ਚਾਹੀਦੀ ਤੇ ਕਿਸਾਨਾਂ ਨੂੰ ਫ਼ਸਲਾਂ ਦੀ ਬਣਦੀ ਕੀਮਤ ਵਿਆਜ ਸਮੇਤ ਦਿੱਤੀ ਜਾਵੇ।

ਇਸ ਮੌਕੇ ਭਗਵੰਤ ਮਾਨ ਨੇ ਪਾਰਲੀਮੈਂਟ ਵਿਚ ਗੰਨਾ ਕਿਸਾਨਾਂ ਤੋਂ ਇਲਾਵਾ ਕਪਾਹ-ਨਰਮਾ ਪੈਦਾ ਕਰਨ ਵਾਲੇ ਕਿਸਾਨਾਂ ਦਾ ਮੁੱਦਾ ਵੀ ਚੁੱਕਿਆ ਤੇ ਉਨ੍ਹਾਂ ਦਾ ਬਕਾਏ ਅਦਾ ਕਰਨ ਦੀ ਅਪੀਲ ਕੀਤੀ। ਇਸ ਦੇ ਨਾਲ ਮਾਨ ਨੇ ਕਿਸਾਨ ਅੰਦੋਲਨ ਵਿੱਚ ਸ਼ਹੀਦ ਹੋਏ ਕਿਸਾਨਾਂ ਤੇ ਅੰਦੋਲਨ ਦੌਰਾਨ ਕਿਸਾਨਾਂ ਉੱਤੇ ਦਰਜ ਕੀਤੇ ਕੇਸਾਂ ਦਾ ਮੁੱਦਾ ਉਠਾਇਆ ਤੇ ਕਿਹਾ ਕਿ ਦਿੱਲੀ ਸਰਹੱਦ ਉੱਤੇ ਇਕ ਸਾਲ ਚੱਲੇ ਅੰਦੋਲਨ ਦੌਰਾਨ 750 ਤੋਂ ਵੱਧ ਕਿਸਾਨਾਂ ਦੀ ਜਾਨ ਗਈ ਹੈ, ਪ੍ਰਧਾਨ ਮੰਤਰੀ ਮੋਦੀ ਨੇ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ, ਕਿਸਾਨਾਂ ਦੀ ਮੌਤਬਾਰੇ ਕੁਝ ਨਹੀਂ ਕਿਹਾ, ਅੰਦੋਲਨ ਵਿਚ ਸ਼ਹੀਦ ਹੋਏ ਸਾਰੇ ਕਿਸਾਨਾਂ ਦੇ ਪਰਿਵਾਰਾਂ ਨੂੰ ਵਾਜਬ ਮੁਆਵਜ਼ਾ ਦੇਣਾ ਤੇ ਅੰਦੋਲਨ ਦੌਰਾਨ ਕਿਸਾਨਾਂ ਉੱਤੇ ਦਰਜ ਕੀਤੇ ਕੇਸ ਤੁਰੰਤ ਵਾਪਸ ਲੈਣੇ ਚਾਹੀਦੇ ਹਨ।

# ਸ਼੍ਰੀਲੰਕਾ ਵਿੱਚ ਧਮਾਕਿਆਂ ਕਾਰਨ ਬੰਦ ਮਨੁੱਖੀ ਵਕੀਲ ਨੂੰ ਜ਼ਮਾਨਤ

ਕੋਲੰਬੋ, 9 ਫਰਵਰੀ (ਪੋਸਟ ਬਿਊਰੋ)- ਸ਼੍ਰੀਲੰਕਾ ਦੀ ਇੱਕ ਅਦਾਲਤ ਨੇ ਕੱਲ੍ਹ ਮਨੁੱਖੀ ਅਧਿਕਾਰਾਂ ਬਾਰੇ ਵਕੀਲ ਅਤੇ ਕਾਰਕੁੰਨ ਹਿਜਾਜ਼ ਹਿਜ਼ਬੁੱਲਾ ਨੂੰ ਜ਼ਮਾਨਤ ਦੇ ਦਿੱਤੀ ਹੈ, ਜਿਸ ਨੂੰ 2019 ਦੇ ਈਸਟਰ ਹਮਲਿਆਂ ਦੇ ਸ਼ੱਕ ਵਿੱਚ ਇੱਕ ਸਖ਼ਤ ਕਾਨੂੰਨ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਵਰਨਣ ਯੋਗ ਹੈ ਕਿ ਇਨ੍ਹਾਂ ਧਮਾਕਿਆਂ ਵਿੱਚ 11 ਭਾਰਤੀਆਂ ਸਮੇਤ 270 ਲੋਕ ਮਾਰੇ ਗਏ ਸਨ। ਆਈ ਐਸ ਆਈ ਐਸ ਨਾਲ ਸਬੰਧਤ ਸਥਾਨਕ ਇਸਲਾਮੀ ਅਤਿਵਾਦੀ ਗਰੁੱਪ ਨੈਸ਼ਨਲ ਤੌਹੀਦ ਜਮਾਤ ਨਾਲ ਜੁੜੇ ਆਤਮਘਾਤੀ ਹਮਲਾਵਰਾਂ ਨੇ ਲੜੀਵਾਰ ਧਮਾਕੇ ਕੀਤੇ ਸਨ, ਜਿਸ ਵਿੱਚ ਤਿੰਨ ਕੈਥੋਲਿਕ ਚਰਚ ਅਤੇ ਸ਼੍ਰੀਲੰਕਾ ਵਿੱਚ ਕਈ ਲਗਜ਼ਰੀ ਹੋਟਲਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।ਹਿਜ਼ਬੁੱਲਾ ਨੂੰ ਸ਼੍ਰੀਲੰਕਾਈ ਸੁਰੱਖਿਆ ਫੋਰਸਾਂ ਨੇ 14 ਅਪ੍ਰੈਲ, 2020 ਨੂੰ ਅਤਿਵਾਦ ਵਿਰੋਧੀ ਐਕਟ ਹੇਠ (ਪੀ ਟੀ ਏ) ਈਸਟਰ ਆਤਮਘਾਤੀ ਬੰਬ ਧਮਾਕਿਆਂ ਵਿੱਚ ਉਸ ਦੀ ਸ਼ਮੂਲੀਅਤ ਲਈ ਗ੍ਰਿਫ਼ਤਾਰ ਕੀਤਾ ਸੀ। ਉਤਰੀ-ਪੱਛਮੀ ਸ਼ਹਿਰ ਪੁੱਟਲਮ ਦੀ ਅਦਾਲਤ ਵੱਲੋਂ ਉਸ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨ ਦੇ ਬਾਅਦ ਇਥੇ ਅਪੀਲੀ ਅਦਾਲਤ ਨੇ ਉਸ ਦੀ ਅਪੀਲ ਨੂੰ ਬਰਕਰਾਰ ਰੱਖਿਆ। ਹਿਜ਼ਬੁੱਲਾ ਦੇ ਪਰਵਾਰ ਨੇ ਕਿਹਾ ਕਿ ਹਿਰਾਸਤ ਦੌਰਾਨ ਉਸ ਨੂੰ ਆਪਣੇ ਪਰਵਾਰ ਜਾਂ ਵਕੀਲਾਂ ਨਾਲ ਮਿਲਣ ਨਹੀਂ ਦਿੱਤਾ ਗਿਆ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.

Seema Bhayana

ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

SherGill Law Firm

Barrister, Solicitor & Notary Public

Paramjit Singh Gill (MBA,LL.B.)

Tel: 905-790-3636

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

2565 Steeles Ave E Unit #20, Brampton, ON L6T 4L6

Emergency Contact: 416.910.5676

www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ

Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)

416-454-3031

647-784-8240

Email: tochisangha1@hotmail.com

ukttc UK TRUCK TRAINING CENTRE

PCC #179958

Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!

225 Sheldon Dr #18, Cambridge

Automatic & Manual Trucks

1 on 1 Training

Air Brake Classes

Sat & Sun 8.00am to 4.00pm

Wed & Thu 4.00pm to 11.00pm

ਜਲਦੀ ਰੋਡ ਟੈਸਟ ਬੁਕਿੰਗ

Forklift Training

Forklift $79 Recertification

Counterbalance

Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979

OPEN 7 DAYS uktruck1@gmail.com

Jitpal Singh Deol 647-204-1936

## ਅੱਜ ਨਾਮਾ

ਚੋਣ ਮੁੱਦੇ ਦੀ ਚਰਚਾ ਕੁਝ ਘੱਟ ਮਿੱਤਰ,
ਵੱਜਦੀ ਏਥੇ ਕਿਰਦਾਰ ’ਤੇ ਸੱਟ ਮਿੱਤਰ।
ਸਾਰੀ ਉਮਰ ਦਾ ਕਿਸੇ ਦਾ ਅਕਸ ਚੰਗਾ,
ਦੇਵੇ ਮਿੰਟਾਂ ਦੇ ਵਿੱਚ ਕੋਈ ਕੱਟ ਮਿੱਤਰ।
ਮਾਰੀ ਗੱਪ ਦੀ ਕਰੀ ਨਹੀਂ ਸ਼ਰਮ ਜਾਂਦੀ,
ਕਿਹਾ ਜਾਂਦਾ ਬਈ ਕੱਢ’ਤੇ ਵੱਟ ਮਿੱਤਰ।
ਪੈਂਦੀ ਕਦਰ ਚੰਗਿਆਈ ਦੀ ਮੂਲ ਨਹੀਉਂ
ਖੱਟੀ ਪ੍ਰਚਾਰ ਦੀ ਰਹੇ ਕਈ ਖੱਟ ਮਿੱਤਰ।
ਮੀਡੀਆ ਅਸਲੋਂ ਭਲਾਈ ਨੂੰ ਛੱਡ ਤੁਰਿਆ,
ਸੁੱਟਦਾ ਚਿੱਕੜ ਦੇ ਬਹੁਤ ਆ ਰੁੱਗ ਮਿੱਤਰ।
ਕਹਿਣੀ-ਸੁਣਨੀ ਕੋਈ ਗੱਲ ਦਲੀਲ ਵਾਲੀ,
ਵਕਤ ਇਹੋ ਜਿਹਾ ਗਿਆ ਹੈ ਪੁੱਗ ਮਿੱਤਰ।

**ਤੀਸ ਮਾਰ ਖਾਂ**

# ਸੰਤ ਸਮਾਜ ਵੱਲੋਂ ਚੋਣਾਂ ਵਿੱਚ ਅਕਾਲੀ-ਬਸਪਾ ਗੱਠਜੋੜ ਦੀ ਹਮਾਇਤ ਦਾ ਐਲਾਨ

ਜਲੰਧਰ, 10 ਫਰਵਰੀ, (ਪੋਸਟ ਬਿਊਰੋ)-ਦਮਦਮੀ ਟਕਸਾਲ ਮਹਿਤਾ ਚੌਕ ਵਾਲੇ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਾਲੇ ਸੰਤ ਸਮਾਜ ਨੇ ਅੱਜ ਵਿਧਾਨ ਸਭਾ ਚੋਣਾਂ ਲਈ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਦੀ ਮੁਕੰਮਲ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ ਹੈ।

ਇਸ ਬਾਰੇ ਅੱਜ ਗੁਰਦੁਆਰਾ ਬਾਬੇ ਸ਼ਹੀਦਾਂ ਸਮਸਤੀਪੁਰ, ਜਲੰਧਰ ਵਿਖੇਸੰਤ ਸਮਾਜ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਦੀ ਅਗਵਾਈ ਵਿੱਚਇਕੱਠ ਹੋਇਆ, ਜਿੱਥੇ ਅਕਾਲੀ-ਬਸਪਾ ਦੀ ਹਮਾਇਤ ਦੇ ਲਈ ਕੀਤਾ ਗਿਆ ਇਹ ਫੈਸਲਾ ਪੰਜਾਬ ਦੀ ਸਿਆਸਤ ਵਿੱਚ ਹਲਚਲ ਪੈਦਾ ਕਰ ਸਕਦਾ ਹੈ। ਇਕੱਠ ਵਿਚ ਮਾਝਾ, ਮਾਲਵਾ ਅਤੇ ਦੋਆਬਾ ਤੋਂ ਸੰਤ ਸਮਾਜ ਨਾਲ ਜੁੜੇ ਕਈ ਸੰਤ ਪਹੁੰਚੇ ਸਨ।ਇਸ ਇਕੱਠ ਨੇ ਸਰਬਸੰਮਤੀ ਨਾਲਫ਼ੈਸਲਾ ਕੀਤਾ ਕਿ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਦੇ ਗਠਜੋੜ ਨੂੰ ਹਮਾਇਤ ਕੀਤੀ ਜਾਵੇਗੀ। ਇਸ ਦੀ ਜਾਣਕਾਰੀ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੇਦਿੱਤੀ ਹੈ।

ਸੰਤ ਸਮਾਜ ਦੇ ਇਸ ਇਕੱਠ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਧੁੰਮਾ ਨੇ ਬੋਲਦੇ ਹੋਏ ਕਿਹਾ ਕਿ ਅਕਾਲੀ ਦਲ ਖ਼ਾਲਸਾ ਪੰਥ ਦੀ ਸੰਸਥਾ ਹੈ, ਜਿਸ ਦਾ ਜਨਮ ਪੰਥ ਦੀਆਂ ਧਾਰਮਿਕ ਅਤੇ ਰਾਜਨੀਤਿਕ ਚੁਣੌਤੀ ਭਰਪੂਰ ਪ੍ਰਸਥਿਤੀਆਂ ਦੌਰਾਨ ਵੱਡੇ ਸੰਘਰਸ਼ ਤੇ ਕੁਰਬਾਨੀਆਂ ਵੇਲੇ ਹੋਇਆ ਸੀ ਤੇ ਇਕ ਸਦੀ ਦੇ ਸਫ਼ਰ ਦੌਰਾਨ ਇਸ ਨੇ ਪੰਥਕ ਹਿੱਤਾਂ ਦੀ ਰਾਖੀਲਈਵੱਡੇ ਮੋਰਚੇ ਲਾ ਕੇ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ ਸਰਕਾਰ ਨੇ ਸ੍ਰੀ ਦਰਬਾਰ ਸਹਿਬ ਦੇ ਵਿਰਾਸਤੀ ਰਸਤਿਆਂ ਦਾ ਸੁੰਦਰੀਕਰਨ, ਅਪਰੇਸ਼ਨ ਬਲਿਊ ਸਟਾਰ ਦੀ ਸ਼ਹੀਦੀ ਯਾਦਗਾਰ, ਛੋਟੇ ਅਤੇ ਵੱਡੇਘੱਲੂਘਾਰਾ ਦੀ



ਯਾਦਗਾਰ, ਵਿਰਾਸਤ-ਏ-ਖ਼ਾਲਸਾ, ਚੱਪੜਚਿੜੀ ਯਾਦਗਾਰ ਆਦਿ ਦੀ ਸੇਵਾ ਕਰਕੇ ਪੰਥ ਦਾ ਇਤਿਹਾਸ ਅਤੇ ਵਿਰਾਸਤ ਸੰਭਾਲਣ ਦੇ ਵੱਡੇ ਕੰਮ ਕੀਤੇ ਹਨ, ਇਸ ਲਈ ਸੰਤ ਸਮਾਜ ਵੱਲੋਂ ਪੰਜਾਬ ਵਾਸੀਆਂ ਨੂੰ ਪੰਜਾਬ ਤੇ ਪੰਥ ਦੇ ਹਿੱਤਾਂ ਲਈ ਅਕਾਲੀ ਦਲ ਅਤੇ ਬਸਪਾ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਅਪੀਲ ਕੀਤੀ। ਇਸ ਮੌਕੇ ਹਾਜ਼ਰ ਵੱਡੀ ਗਿਣਤੀ ਸੰਤਾਂ ਨੇ ਜੈਕਾਰਿਆਂ ਨਾਲ ਇਸ ਦੀ ਪ੍ਰੋੜ੍ਹਤਾ ਕੀਤੀ।ਬਾਬਾ ਹਰਨਾਮ ਸਿੰਘ ਨੇ ਕਿਹਾ ਕਿ ਗਠਜੋੜ ਦੇ ਉਮੀਦਵਾਰਾਂ ਨੂੰ ਜਿਤਾਉਣ ਲਈ ਜਿੰਨਾ ਵੱਧ ਚੜ੍ਹ ਕੇ ਹਿੱਸਾ ਪੈ ਸਕੇਗਾ, ਸੰਤ ਸਮਾਜ ਪਾਵੇਗਾ। ਬਾਬਾ ਹਰਨਾਮ ਸਿੰਘ ਨੇ ਕਿਹਾ ਕਿ 10 ਸਾਲਾ ਬਾਅਦ ਸੰਤ ਸਮਾਜ ਦੀ ਇੰਨੀ ਵੱਡੀ ਇਕੱਤਰਤਾ ਹੋਈ ਹੈ।

ਇਸ ਮੀਟਿੰਗ ਵਿੱਚ ਮੁੱਖ ਤੌਰ ਉੱਤੇ ਸੰਤ ਗੁਰਦਿਆਲ ਸਿੰਘ ਟਾਂਡਾ, ਸੰਤ ਮਹਿੰਦਰ ਸਿੰਘ ਜਨੇਰ, ਸੰਤ ਹਾਕਮ ਸਿੰਘ, ਸੰਤ ਬੁੱਧ ਸਿੰਘ ਨਿਕੇ ਘੁੰਮਣ, ਸੰਤ ਤਰਲੋਕ ਸਿੰਘ ਖਿਆਲਾ, ਸੰਤ ਹਰੀ ਸਿੰਘ ਨਾਨਕਸਰ, ਸੰਤ ਅਮਰਜੀਤ ਸਿੰਘ ਹਰਖੋਵਾਲ, ਸੰਤ ਸੁਰਜੀਤ ਸਿੰਘ ਮਹਿਰੋਂ, ਸੰਤ ਮਾਨ ਸਿੰਘ ਮੜੀਆਵਾਲੇ, ਸੰਤ ਜੀਤ ਸਿੰਘ ਜੌਹਲਾਵਾਲੇ, ਸੰਤ ਬਲਦੇਵ ਸਿੰਘ ਜੋਗੇਵਾਲ, ਸੰਤ ਸੱਜਣ ਸਿੰਘ ਗੁਰੂ ਕੀ ਬੇਰ, ਸੰਤ ਅਨੰਦਰਾਜ ਸਿੰਘ ਸਮਰਾਲਾ ਚੌਕਅਤੇ ਸੰਤ ਸਿੰਘ ਜੋਰਾ ਸਿੰਘ ਬੱਧਨੀਕਲਾਂ ਤੇ ਸੰਤ ਜਗਜੀਤ ਸਿੰਘ ਲੋਪੋ ਦੇ ਪ੍ਰਤੀਨਿਧ, ਸੰਤ ਪਰਮਾਨੰਦ ਜੰਡਿਆਲਾ ਗੁਰੂ, ਸੰਤ ਹਰਪ੍ਰੀਤ ਸਿੰਘ ਜੋਗੇਵਾਲ, ਮਾਤਾ ਜਸਪ੍ਰੀਤ ਕੌਰ ਮਾਹਲਪੁਰ, ਸੰਤ ਦਿਲਬਾਗ ਸਿੰਘ ਅਨੰਦਪੁਰ ਸਾਹਿਬ ਹਾਜ਼ਰ ਹਨ।

# ਕਰਨਾਟਕ ਹਾਈ ਕੋਰਟ ਨੇ ਹਿਜਾਬ ਵਿਵਾਦ ਦਾ ਕੇਸ ਵੱਡੇ ਬੈਂਚ ਕੋਲ ਭੇਜਿਆ

*** ਬੈਂਗਲੁਰੂ ਵਿੱਚ ਵਿੱਦਿਅਕ ਸੰਸਥਾਵਾਂ ਦੇ ਬਾਹਰ ਮੁਜ਼ਾਹਰਿਆਂ ਉੱਤੇ ਪਾਬੰਦੀ**

ਬੈਂਗਲੁਰੂ, 10 ਫਰਵਰੀ, (ਪੋਸਟ ਬਿਊਰੋ)-ਕਰਨਾਟਕ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਹਿਜਾਬ ਦੇ ਵਿਵਾਦ ਵਾਲਾਕੇਸ ਚੀਫ ਜਸਟਿਸ ਕੋਲ ਭੇਜ ਕੇ ਉਨ੍ਹਾਂ ਨੂੰ ਇਹ ਕੇਸਵੱਡੇ ਬੈਂਚ ਨੂੰ ਸੌਂਪਣ ਦੀ ਬੇਨਤੀ ਕੀਤੀ ਹੈ।

ਵਰਨਣ ਯੋਗ ਹੈ ਕਿ ਇਸ ਵਿਵਾਦ ਕਾਰਨ ਕਰਨਾਟਕ ਵਿੱਚ ਸਿਆਸੀ ਉਬਾਲ ਆਇਆ ਤੇ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿੰਸਕ ਮੁਜ਼ਾਹਰਿਆਂ ਮਗਰੋਂ ਕਈ ਲੋਕ ਗ੍ਰਿਫ਼ਤਾਰ ਕੀਤੇ ਗਏ ਹਨ। ਬੈਂਗਲੁਰੂ ਵਿੱਚ ਸਕੂਲ, ਕਾਲਜ ਤੇ ਹੋਰ ਸਭ ਵਿੱਦਿਅਕ ਅਦਾਰਿਆਂ ਦੇ ਨੇੜੇ ਮੁਜ਼ਾਹਰਿਆਂ ਲਈ ਦੋ ਹਫ਼ਤੇ ਲਈ ਰੋਕ ਲਾ ਦਿੱਤੀ ਗਈ ਹੈਅਤੇ ਤਿੰਨ ਦਿਨ ਦੀ ਛੁੱਟੀ ਕਾਰਨ ਰਾਜ ਦੇ ਵਿੱਦਿਅਕ ਅਦਾਰਿਆਂ ਦੇ ਬਾਹਰ ਸੁੰਨਸਾਨ ਪੱਸਰੀ ਹੋਈ ਹੈ।

ਵਿਦਿਅਕ ਕਲਾਸ ਵਿੱਚ ਹਿਜਾਬ ਪਾ ਕੇ ਆਉਣ ਦੇ ਖ਼ਿਲਾਫ਼ ਉਡੁਪੀ ਦੇ ਸਰਕਾਰੀ ਪ੍ਰੀ-ਯੂਨੀਵਰਸਿਟੀ ਕਾਲਜ ਦੀਆਂ ਵਿਦਿਆਰਥਣਾਂ ਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੇ ਹਾਈ ਕੋਰਟ ਦੇ ਜਸਟਿਸ ਕ੍ਰਿਸ਼ਣ ਐੱਸ. ਦੀਕਸ਼ਿਤ ਨੇ ਅੱਜ ਬੁੱਧਵਾਰ ਨੂੰ ਇਹਕੇਸ ਚੀਫ ਜਸਟਿਸ ਨੂੰ ਭੇਜ ਦਿੱਤਾ। ਉਹ ਮੰਗਲਵਾਰ ਨੂੰ ਇਸ ਕੇਸ ਵਿੱਚ ਸੁਣਵਾਈ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਕੇਸ ਤੋਂ ਪ੍ਰਾਈਵੇਟ ਸਕੂਲ ਦੇ ਕੁਝ ਪੱਖਾਂ ਕਾਰਨ ਮੌਲਿਕ ਮਹੱਤਵ ਦੇ ਸੰਵਿਧਾਨਕ ਸਵਾਲ ਪੈਦਾ ਹੋ ਰਹੇ ਹਨ, ਇਸ ਲਈ ਇਸ ਕੇਸ ਦੀ ਸੁਣਵਾਈ ਵੱਡੀ ਬੈਂਚ ਵਿੱਚ ਹੋਣੀ ਚਾਹੀਦੀ ਹੈ।

ਇਸ ਤੋਂ ਪਹਿਲਾਂ ਮੁਸਲਿਮ ਵਿਦਿਆਰਥੀਆਂ ਦੇ ਵਕੀਲ ਨੇ ਬੇਨਤੀ ਕੀਤੀ ਕਿ ਕੁੜੀਆਂ ਨੂੰ ਉਨ੍ਹਾਂ ਦੀ ਆਸਥਾ ਦਾ ਪਾਲਣ ਕਰਨ ਦੀ ਇਜਾਜ਼ਤ ਹੋਣੀ ਚੀਹੀਦੀ ਹੈ, ਜਿਸ ਦਾ ਰਾਜ ਦੇ ਐਡਵੋਕੇਟ ਜਨਰਲ ਨੇ ਵਿਰੋਧ ਕੀਤਾ। ਸਿੰਗਲ ਬੈਂਚ ਦੇ ਜੱਜ ਨੇ ਇਸ ਕੇਸਵਿੱਚ ਕੋਈ ਅੰਤ੍ਰਿਮ ਹੁਕਮ ਨਹੀਂ ਦਿੱਤਾ ਤੇ ਉਸ ਲਈ ਵੀ ਵੱਡੇ ਬੈਂਚ ਕੋਲ ਜਾਣ ਨੂੰ ਕਿਹਾ ਹੈ। ਇਸ ਦੌਰਾਨ ਉਡੁਪੀ ਦੇ ਸਰਕਾਰੀ ਪ੍ਰੀ-ਯੂਨੀਵਰਸਿਟੀ ਕਾਲਜ ਨੇ ਕਿਹਾ ਕਿ ਮੁਸਲਿਮ ਵਿਦਿਆਰਥਣਾਂ ਪਹਿਲਾਂ ਹਿਜਾਬ ਪਹਿਨ ਕੇ ਨਹੀਂ ਆਉਂਦੀਆਂ ਸਨ,ਪਰ ਅਚਾਨਕ ਉਨ੍ਹਾਂ ਨੇ



ਹਿਜਾਬ ਪਹਿਨਣਾ ਸ਼ੁਰੂ ਕਰ ਦਿੱਤਾ ਅਤੇ ਰੋਕਣ ਉੱਤੇ ਵਿਵਾਦ ਖੜ੍ਹਾ ਕੀਤਾ ਹੈ। ਅਦਾਲਤ ਨੇ ਕਿਹਾ ਕਿ ਸੁਣਵਾਈ ਵੱਡਾ ਬੈਂਚ ਹੀ ਕਰੇਗਾ।

ਅੱਜ ਹਾਈ ਕੋਰਟ ਵੱਲੋਂ ਕੇਸ ਦੀ ਸੁਣਵਾਈ ਤੋਂ ਪਹਿਲਾਂ ਸਵੇਰੇ ਕਰਨਾਟਕ ਕੈਬਨਿਟ ਦੀ ਬੈਠਕ ਵੀ ਹੋਈ, ਪਰ ਕੇਸ ਅਦਾਲਤਵਿੱਚ ਹੋਣ ਕਾਰਨ ਕੋਈ ਫ਼ੈਸਲਾ ਨਹੀਂ ਹੋਇਆ।ਰਾਜ ਦੇ ਗ੍ਰਹਿ ਮੰਤਰੀ ਅਰਾਗਾ ਗਿਆਨੇਂਦਰ ਨੇ ਕਿਹਾ ਕਿ ਹਿੰਸਾ ਦੇ ਕੇਸਵਿੱਚ ਜਿਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਉਹ ਸਾਰੇ ਬਾਹਰੀ ਹਨ ਅਤੇ ਉਨ੍ਹਾਂਵਿੱਚੋਂ ਕੋਈ ਵੀ ਵਿਦਿਆਰਥੀ ਨਹੀਂ। ਉਨ੍ਹਾਂ ਕਿਹਾ ਕਿ ਕਿਸੇ ਅਣਸੁਖਾਵੀਂ ਘਟਨਾ ਉੱਤੇ ਕਾਰਵਾਈ ਕੀਤੀ ਜਾਵੇਗੀ। ਗਿਆਨੇਂਦਰ ਨੇ ਕਾਂਗਰਸ ਨੇਤਾਵਾਂ ਉੱਤੇ ਹਿਜਾਬ ਵਿਵਾਦ ਨੂੰ ਬੜ੍ਹਾਵਾ ਦੇਣ ਦਾ ਦੋਸ਼ ਲਾ ਕੇ ਕਿਹਾ ਕਿ ਜੇ ਕਾਂਗਰਸ ਨੇਤਾ ਅੱਗੇ ਵੀ ਇਸੇ ਤਰ੍ਹਾਂ ਕਰਦੇ ਰਹਿਣਗੇ ਤਾਂ ਰਾਜ ਦੇ ਲੋਕ ਉਨ੍ਹਾਂ ਨੂੰ ਅਰਬ ਸਾਗਰਵਿੱਚ ਸੁੱਟ ਦੇਣਗੇ। ਉਨ੍ਹਾਂ ਨੇ ਕਿਹਾ ਕਿ ਕਰਨਾਟਕ ਦੇ ਕਾਂਗਰਸ ਪ੍ਰਧਾਨ ਡੀਕੇ ਸ਼ਿਵਕੁਮਾਰ ਗ਼ਲਤ ਸੂਚਨਾ ਫੈਲਾ ਰਹੇ ਹਨ ਕਿ ਸ਼ਿਵਮੋਗਾ ਦੇ ਕਾਲਜਵਿੱਚ ਤਿਰੰਗਾ ਉਤਾਰ ਕੇ ਉਸ ਦੀ ਥਾਂ ਭਗਵਾਂ ਝੰਡਾ ਲਾਇਆ ਗਿਆ ਹੈ। ਕਰਨਾਟਕ ਦੇ ਸੱਭਿਆਚਾਰ ਬਾਰੇ ਮੰਤਰੀ ਵੀ. ਸੁਨੀਲ ਕੁਮਾਰ ਨੇ ਕਿਹਾ ਕਿ ਹਿਜਾਬ ਦੇਕੇਸਵਿੱਚਕਾਂਗਰਸ ਵੰਡ-ਪਾਊ ਏਜੰਡੇ ਉੱਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 1947 ਦੇ ਬਾਅਦ ਤੋਂ ਹੀ ਕਾਂਗਰਸ ਇਸ ਏਜੰਡੇ ਉੱਤੇ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸੱਤਾਵਿੱਚ ਆਈ ਤਾਂ ਰਾਜਵਿੱਚ ਹਿੰਦੂ ਕੁੜੀਆਂ ਨੂੰ ਵੀ ਹਿਜਾਬ ਪਾਉਣ ਨੂੰ ਮਜਬੂਰ ਕਰੇਗੀ। ਕਰਨਾਟਕ ਕਾਂਗਰਸ ਦੇ ਨੇਤਾ ਬਾਸਵਰਾਜ ਰਾਇਆਰੈੱਡੀ ਨੇ ਰਾਜਵਿੱਚ ਰਾਸ਼ਟਰਪਤੀ ਸ਼ਾਸਨ ਲਾਉਣ ਦੀ ਮੰਗ ਕੀਤੀ ਤੇ ਕਿਹਾ ਕਿ ਸੂਬਾ ਸਰਕਾਰ ਕਾਨੂੰਨ ਦੀ ਸਥਿਤੀ ਸੰਭਾਲਣ ਤੋਂ ਨਾਕਾਮ ਰਹੀ ਹੈ। ਕਾਂਗਰਸ ਦੇ ਸਥਾਨਕ ਨੇਤਾ ਇਬਰਾਹਿਮ ਖ਼ਾਨ ਨੇ ਵਿਵਾਦਤ ਬਿਆਨ ਦਿੱਤਾ ਅਤੇ ਕਿਹਾ ਕਿ ਜੋ ਕੋਈ ਵੀ ਹਿਜਾਬ ਦਾ ਵਿਰੋਧ ਕਰੇਗਾ, ਉਸ ਦੇ ਟੁਕੜੇ-ਟੁਕੜੇ ਕਰ ਦਿੱਤੇ ਜਾਣਗੇ।

# ਬਾਬਾ ਦੀਪ ਸਿੰਘ ਜੀ ਦਾ ਜੀਵਨ ਸਾਡੇ ਲਈ ਪ੍ਰੇਰਨਾਂ ਸਰੋਤ : ਗਿ : ਜੈਦੀਪ ਸਿੰਘ ਫਗਵਾੜਾ



ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਕੈਮਬ੍ਰਿਜ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ। ਦੀਵਾਨਾਂ ਦੀ ਆਰੰਭਤਾ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ ਉਪਰੰਤ ਹਜੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ, ਭਾਈ ਰਣਜੀਤ ਸਿੰਘ, ਭਾਈ ਸਤਨਾਮ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਭਾਈ ਰਾਜਪਾਲ ਸਿੰਘ ਵਲੋਂ ਕਵਿਤਾ ਰਾਹੀਂ ਹਾਜ਼ਰੀ ਭਰੀ ਗਈ। ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਇਤਿਹਾਸ ਦੇ ਪ੍ਰਸੰਗ ਸੰਗਤਾਂ ਨਾਲ ਸਾਂਝਾ ਕਰਦੇ ਹੋਏ ਕਿਹਾ ਕੇ ਬਾਬਾ ਦੀਪ ਸਿੰਘ ਜੀ ਦਾ ਜੀਵਨ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ ਸਿੱਖ ਕਿਵੇਂ ਆਪਣੇ ਗੁਰਧਾਮਾਂ ਦੀ ਰਾਖੀ ਆਪਣੀ ਜਾਨ ਦੀ ਬਾਜੀ ਲਗਾ ਕੇ ਵੀ ਕਰਦਾ ਹੈ ਇਹ ਪੂਰਨਾ ਬਾਬਾ ਦੀਪ ਸਿੰਘ ਜੀ ਸਾਡੇ ਲਈ ਪਾ ਕੇ ਗਏ ਹਨ।



ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁੱਖਵਿੰਦਰ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ ਅਤੇ ਸੰਗਤਾਂ ਨੂੰ ਕਿਹਾ ਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਯਤਨ ਕੀਤਾ ਜਾਂਦਾ ਹੈ ਕੇ ਗੁਰੂ ਸਾਹਿਬਾਨ ਭਗਤਾਂ ਅਤੇ ਸ਼ਹੀਦਾਂ ਦੇ ਦਿਹਾੜੇ ਸ਼ਰਧਾ ਪਿਆਰ ਨਾਲ ਮਨਾਏ ਜਾਣ, ਉਹਨਾਂ ਨੇ ਸਮੁੱਚੇ ਪ੍ਰਬੰਧ ਵਲੋਂ ਜੱਥੇਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799*upto 100% Deductible Paid*
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਹਲਕਾ ਫੁਲਕਾ

ਇੱਕ ਵਿਅਕਤੀ ਦੋ ਮਹੀਨਿਆਂ ਤੋਂ ਹਸਪਤਾਲ ਵਿੱਚ ਸੀ, ਜਦੋਂ ਉਸ ਨੂੰ ਛੁੱਟੀ ਮਿਲੀ ਤਾਂ ਉਸ ਨੂੰ ਲੱਗਾ ਕਿ ਉਸ ਨੂੰ ਨਰਸ ਨਾਲ ਪਿਆਰ ਹੋ ਗਿਆ ਸੀ। ਉਸ ਨੇ ਸੋਚਿਆ ਕਿ ਉਸ ਨੂੰ ਆਪਣੇ ਦਿਲ ਦੀ ਗੱਲ ਕਰਨੀ ਚਾਹੀਦੀ ਹੈ। ਜਦੋਂ ਉਸ ਨੇ ਨਰਸ ਨੂੰ ਦੇਖਿਆ ਤਾਂ ਬੋਲਿਆ, ''ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਤੁਸੀਂ ਮੇਰਾ ਦਿਲ ਚੋਰੀ ਕਰ ਲਿਆ।''

ਨਰਸ, ''ਚੱਲ ਝੂਠਾ, ਅਸੀਂ ਸਿਰਫ ਤੇਰਾ ਗੁਰਦਾ ਚੋਰੀ ਕੀਤਾ ਹੈ।''

********

ਫੋਨ ਦੀ ਘੰਟੀ ਵੱਜੀ ਅਤੇ ਡਾਕਟਰ ਸਾਹਿਬ ਛੇਤੀ ਨਾਲ ਤਿਆਰ ਹੋ ਕੇ ਜਾਣ ਲੱਗੇ। ਉਨ੍ਹਾਂ ਦੀ ਬੇਟੀ ਨੇ ਉਨ੍ਹਾਂ ਨੂੰ ਕਾਹਲੀ-ਕਾਹਲੀ ਜਾਂਦੇ ਦੇਖਿਆ ਤਾਂ ਪੁੱਛਿਆ, ''ਇੰਨੀ ਛੇਤੀ-ਛੇਤੀ ਕਿੱਥੇ ਜਾ ਰਹੇ ਹੋ?''

ਪਿਤਾ, ''ਹੋਟਲ ਦੇ ਕਮਰਾ ਨੰਬਰ 302 ਤੋਂ ਇੱਕ ਫੋਨ ਆਇਆ ਸੀ ਕਿ ਛੇਤੀ ਆਓ, ਨਹੀਂ ਤਾਂ ਮੇਰੀ ਜਾਨ ਨਿਕਲ ਜਾਵੇਗੀ।''

ਡਾਕਟਰ ਸਾਹਿਬ, ਦੀ ਬੇਟੀ ਸ਼ਰਮਾਉਂਦੇ ਹੋਏ ਬੋਲੀ, ''ਨਹੀਂ ਪਾਪਾ, ਉਹ ਫੋਨ ਮੇਰੇ ਲਈ ਸੀ।''

********

ਇੱਕ ਔਰਤ ਵਿਧਵਾ ਪੈਨਸ਼ਨ ਦਾ ਫਾਰਮ ਭਰਨ ਗਈ...

ਅਧਿਕਾਰੀ, ''ਕਿੰਨਾ ਸਮਾਂ ਹੋ ਗਿਆ ਹੈ ਤੁਹਾਡੇ ਪਤੀ ਨੂੰ ਮਰੇ?''

ਔਰਤ, ''ਜੀ, ਉਹ ਤਾਂ ਹਾਲੇ ਘਰ ਵਿੱਚ ਹੀ ਹਨ।''

ਅਧਿਕਾਰੀ, ''ਫਿਰ ਫਾਰਮ ਕਿਉਂ ਭਰ ਰਹੇ ਹੋ ਤੁਸੀਂ?''

ਔਰਤ, ''ਸਾਬ੍ਹ! ਸਰਕਾਰੀ ਕੰਮਾਂ ਵਿੱਚ ਸਮਾਂ ਲੱਗਦਾ ਹੈ, ਜਦ ਤੱਕ ਹੋਵੇਗਾ, ਤਦ ਤੱਕ ਤਾਂ ਮਰ ਜਾਣਗੇ।''

# ਮਾਨਵੀ ਮੁਹੱਬਤਾਂ ਦੀਆਂ ਨਵਾਂ ਪਿਰਤਾਂ ਪਾਉਂਦਾ, ਅਮਰ ਕਰਮਾ ਨੈਟਵਰਕ ਦਾ 12ਵਾਂ ਸਲਾਨਾ 'ਗਿਵ ਅ ਹਾਰਟ'

ਪਿਛਲੇ 12 ਸਾਲਾਂ ਤੋਂ ਜੀ ਟੀ ਏ ਵਿਚ, ਫਰਵਰੀ ਦੇ ਪਹਿਲੇ ਹਫਤੇ, valentine's day ਮਨਾਉਣ ਦੇ ਮਕਸਦ ਨਾਲ ਅਮਰ ਕਰਮਾ ਦੇ ਨੌਜਵਾਨ ਇਕ ਵਿਲੱਖਣ ਪਹਿਲ ਕਦਮੀ ਕਰਦੇ ਆ ਰਹੇ ਹਨ। ਇਸ ਵਿਚ ਸੰਸਥਾ ਦੇ ਮੋਢੀਆਂ ਵਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਨੌਜਵਾਨਾਂ ਨੂੰ ਪਿਆਰ ਮੁਹੱਬਤ ਦੇ ਇਸ ਦਿਨ ਦੇ ਵੱਖਰੇ ਅਤੇ ਵਿਲੱਖਣ ਮਾਅਨਿਆਂ ਨਾਲ ਜੋੜਿਆ ਜਾਵੇ। ਹਰ ਸਾਲ 16 ਸਾਲਾ ਦੀ ਉਮਰ ਵਿਚ ਪ੍ਰਵੇਸ਼ ਕਰ ਰਹੇ ਬੱਚੇ ਅੰਗਦਾਨ ਦੀ ਰੈਜਿਸਟਰਡ ਸੂਚੀ ਵਿਚ ਸ਼ਾਮਿਲ ਹੁੰਦੇ ਹਨ ਅਤੇ ਸਟੇਜ ਤੇ ਆ ਕੇ ਅਗਲੇ ਸਾਲ ਲਈ ਨਵੇਂ ਗਰੁੱਪ ਨੂੰ ਉਤਸ਼ਾਹਿਤ ਕਰਦੇ ਹਨ। ਇਸ ਸੈਗਮੇਂਟ ਨੂੰ special sixteen ਦਾ ਨਾਮ ਦਿੱਤਾ ਗਿਆ ਹੈ। ਪਿਛਲੇ ਵਰੇ ਰਾਧਿਕਾ ਗੋਇਲ ਨੇ ਇਸ ਸੈਗਮੈਂਟ ਦੀ ਟੋਰਚ ਜੀਆ ਖੁਰਾਨਾ ਦੇ ਹਵਾਲੇ ਕੀਤੀ ਸੀ ਅਤੇ 6 ਸਾਲ ਦੀ ਉਮਰ ਤੋਂ ਸੰਸਥਾ ਨਾਲ ਵੌਲੰਟੀਅਰ ਕਰਦੀ ਜੀਆ ਖੁਰਾਨਾ ਨੇ ਅਮਰ ਕਰਮਾ ਸੰਸਥਾ ਨਾਲ ਜੁੜੇ ਆਪਣੇ ਬਚਪਨ ਦੇ ਕਈ ਵਰਿਆਂ ਦੇ ਸਫਰ ਨੂੰ ਦਰਸ਼ਕਾਂ ਅੱਗੇ ਪੇਸ਼ ਕੀਤਾ। ਕੋਵਿਡ ਕਾਰਨ ਪਿਛਲੇ ਸਾਲ ਵਾਂਗ ਇਸ ਸਾਲ ਵੀ ਇਹ ਸਮਾਗਮ ਔਨਲਾਈਨ ਕਰਵਾਇਆ ਗਿਆ ਸੀ। ਇਸ ਸਮਾਗਮ ਦੀ ਇਕ ਹੋਰ ਖਾਸ ਗੱਲ ਇਹ ਹੁੰਦੀ ਹੈ ਕਿ, ਇਸ ਵਿਚ ਛੋਟੀ ਛੋਟੀ ਉਮਰ ਦੇ ਬੱਚਿਆਂ ਤੋਂ ਲੈ ਕੇ ਵੱਡੇ ਬੱਚੇ, ਆਪਣੀ ਮਰਜ਼ੀ ਦਾ ਕੋਈ ਸਮਾਜਿਕ ਵਿਸ਼ਾ ਚੁਣ ਕੇ ਉਸ ਤੇ ਆਪਣੀ ਉਮਰ ਅਤੇ ਪਹੁੰਚ ਮੁਤ-ਾਬਿਕ ਰੀਸਰਚ ਕਰਦੇ ਹਨ ਅਤੇ ਗਿਵ ਅ ਹਾਰਟ ਸਮਾਗਮ ਵਿਚ ਇਸ ਵਿਸ਼ੇ ਦੀ ਪੇਸ਼ਕਾਰੀ ਕਰਦੇ ਹਨ। ਸੋ, ਇਸ ਤਰਾਂ ਸੰਸਥਾ ਵਲੋਂ ਬੱਚਿਆਂ ਨੂੰ ਸੋਸ਼ਲ ਵਿਸ਼ਿਆਂ ਨਾਲ ਜੋੜਨ, ਉਨਾਂ ਨੂੰ ਪੇਸ਼ ਕਰਨ ਅਤੇ ਇਸ ਬਾਬਤ ਈਨਾਮ ਦੇ ਕੇ ਇਕ ਵਿਸ਼ੇਸ਼ ਤਰਾਂ ਦਾ ਪਲੈਟਫਾਰਮ ਪ੍ਰਦਾਨ ਕੀਤਾ ਜਾਂਦਾ ਹੈ। ਅਮਰ ਕਰਮਾ ਸੰਸਥਾ ਕੈਨੇਡਾ ਦੀ ਪਹਿਲੀ ਅਜਿਹੀ ਸੰਸਥਾ ਹੈ ਜਿਸਨੇ ਅਧਿਕਾਰਤ ਤੌਰ ਤੇ ਅੰਗਦਾਨ ਦੇ ਵਿਸ਼ੇ ਨੂੰ ਚੁਣਿਆ ਅਤੇ 13 ਸਾਲ ਪਹਿਲਾਂ ਇਕ ਵੱਡੀ ਜਾਗਰਤੀ ਮੁਹਿੰਮ ਸ਼ੁਰੂ ਕੀਤੀ। ਸਿਹਤ ਜਾਗਰਤੀ ਸੰਬੰਧੀ volunteers ਦਾ ਇਕ ਵੱਡਾ ਸਮੂਹ ਬਣ ਚੁੱਕੀ ਸੰਸਥਾ Amar Karma health & wellness awareness network ਵਲੋਂ ਅੰਗਦਾਨ, ਨਾੜੂ ਦਾਨ, ਖੂਨ ਦਾਨ, ਡਿਸਏਬਿਲਿਟੀ ਅਤੇ ਪਹੁੰਚਯੋਗਤਾ ਦੇ ਨਾਲ ਬਾਲ ਵਾਤਾਵਰਣ, ਸਮਾਜਿਕ ਵਿਭਿੰਨਤਾ ਆਦਿ ਬਹੁਤ ਸਾਰੇ ਵਿਸ਼ਿਆਂ ਨੂੰ ਛੋਹਿਆ ਜਾਂਦਾ ਹੈ ਜੋ ਸਿੱਧੇ ਜਾਂ ਅਸਿੱਧੇ ਤੌਰ ਤੇ ਸਮਾਜਿਕ ਸਿਹਤ ਨਾਲ ਜੁੜੇ ਹੁੰਦੇ ਹਨ। ਸੰਸਥਾ ਦੀ ਸੰਸਥਾਪਤਾ ਬੇਸ਼ਕ ਇਕ ਟੀਮ ਮੈਂਬਰ ਲਵੀਨ ਗਿੱਲ ਵਲੋਂ ਸ਼ੁਰੂ ਕੀਤੀ ਗਈ ਸੀ ਪਰ ਹੁਣ ਇਸ ਵਿਚ ਸੈਂਕੜੇ ਦੀ ਗਿਣਤੀ ਵਿਚ ਨੌਜਵਾਨ ਜੁੜ ਚੁੱਕੇ ਹਨ। ਕਈ ਬੱਚੇ ਅਜਿਹੇ ਹਨ ਜਿਨਾਂ ਬਹੁਤ ਛੋਟੀ ਉਮਰ ਤੋਂ ਵੌਲੰਟੀਅਰ ਕਰ ਰਹੇ ਹਨ ਅਤੇ ਹੁਣ ਯੂਨੀਵਰਸਿਟੀ ਪਾਸ ਕਰ ਰਹੇ ਹਨ।







ਇਸ ਸਾਲ ਦਾ volunteer of the year ਅਵਾਰਡ ਗੌਰਵ ਮਾਰੋਕ ਨੂੰ ਦਿਤਾ ਗਿਆ ਹੈ। ਗੌਰਵ ਨੇ ਯੂਨੀਵਰਸਿਟੀ ਦੇ ਆਖਰੀ ਸਮੈਸਟਰ ਵਿਚ ਪੜਦਿਆਂ ਵੀ, ਦਿਨ ਰਾਤ ਇਕ ਕਰਕੇ ਸੰਸਥਾ ਦੀਆਂ ਗਤੀਵਿਧੀਆਂ ਦੀ ਅਗਵਾਈ ਕੀਤੀ ਹੈ। ਸੰਸਥਾ ਦੇ ਬੋਰਡ ਦੇ ਬਾਕੀ ਮੇਂਬਰਾ ਨੇ ਵੀ ਆਪਣੇ ਆਪਣੇ ਸੰਦੇਸ਼ ਸੰਖੇਪ ਵਿਚ ਸਾਝੇ ਕੀਤੇ ਸਨ। ਇਸ ਇਵੈਂਟ ਵਿਚ ਵਰਚੂਅਲ ਤੌਰ ਤੇ Premier Doug Ford, MP Ruby Sahota, MP Sonia Sidhu, MPP Deepak Anand, Amarjot Sandhu, Sara Singh, Gurratan Singh, MPP Kevin Yarde, Mayor Patrick Brown ਅਤੇ Councillor Harkirat Singh ਨੇ ਸ਼ਮੂਲੀਅਤ ਕੀਤੀ।

ਸਮਾਗਮ ਦੇ ਅੰਤ ਵਿਚ ਸੰਸਥਾ ਦੇ ਡਾਇਰੈਕਰ ਅਤੇ ਬੱਚਿਆਂ ਦੇ ਮਾਰਗਦਰਸ਼ਕ, ਡਾ: ਅਮਨ ਤੱਗੜ ਨੇ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਜੁੜੇ ਮੈਂਬਰਾ ਦਾ ਧੰਨਵਾਦ ਕਰਨ ਦੇ ਨਾਲ ਨਾਲ volunteer of the year award ਵੀ ਐਲਾਨਿਆ। ਅਮਰ ਕਰਮਾ ਬਾਰੇ ਹੋ ਜਾਣਕਾਰੀ www.amarkarma.org ਤੋਂ ਮਿਲ ਸਕਦੀ ਹੈ।




# ਕਿਸਾਨ ਅੰਦੋਲਨ ਵਿੱਚੋਂ ਪੁੰਗਰੀਆਂ ਸਮਾਜ ਸੁਧਾਰਕ ਤੰਦਾਂ

-ਗੁਰਪ੍ਰੀਤ ਸਿੰਘ ਤੂਰ-

ਕਿਸਾਨ ਅੰਦੋਲਨ ਇੱਕ ਸਾਲ ਬਾਅਦ ਪੱਤਣ ਆ ਲੱਗਾ। ਇਸ ਅੰਦੋਲਨ ਨੇ ਹਰ ਵਰਗ ਦੇ ਲੋਕਾਂ ਨੂੰ ਮੇਲ-ਜੋਲ ਕੇ ਵੱਡਾ ਪਲੇਟਫਾਰਮ ਸਿਰਜਿਆ ਸੀ। ਟਰਾਲੀਆਂ ਉੱਤੇ ਪੱਲੀਆਂ ਪਾ ਕੇ ਬਣਾਏ ਹੋਏ ਛੋਟੇ-ਛੋਟੇ ਘਰਾਂ ਤੋਂ ਸ਼ੁਰੂ ਹੋ ਕੇ ਸਿੰਘੂ ਬਾਰਡਰ ਉੱਤੇ ਹੌਲੀ-ਹੌਲੀ ਇੱਕ ਪਿੰਡ ਵੱਸ ਗਿਆ। ਪਿੱਛੇ ਪ੍ਰਾਂਤ ਵਿੱਚ ਟੋਲ-ਪਲਾਜ਼ਿਆਂ ਉੱਤੇ ਬੈਠੇ ਕਿਸਾਨ, ਇਸ ਅੰਦੋਲਨ ਦੇ ਕਈ ਮਿੰਨੀ ਸਰੂਪ ਨਜ਼ਰ ਆਉਣ ਲੱਗੇ। ਔਰਤਾਂ, ਮਜ਼ਦੂਰਾਂ, ਬੁੱਧੀਜੀਵੀਆਂ, ਗੀਤਕਾਰਾਂ, ਗਾਇਕਾਂ, ਸਮਾਜ ਚਿੰਤਕਾਂ ਅਤੇ ਵਿਦਿਆਰਥੀਆਂ, ਹਰ ਵਰਗ ਨੇ ਕਿਸਾਨ ਅੰਦੋਲਨ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ। ਢਾਡੀਆਂ ਦੀਆਂ ਵਾਰਾਂ ਦਾ ਗੌਣ ਗੂੰਜਿਆ ਤੇ ਲੰਗਰ ਛਕਾਉਣ ਵਾਲਿਆਂ ਪਲੋ-ਪਲੀ ਵਹੀਰਾਂ ਘੱਤ ਲਈਆਂ। ਕਿਸਾਨ ਅੰਦੋਲਨ ਦਾ ਭਰਿਆ ਦਰਿਆ, ਧਰਮ, ਊਚ-ਨੀਚ, ਫਿਰਕੇ ਅਤੇ ਖੇਤਰੀ ਹਾਵ-ਭਾਵ ਦੇ ਵਖਰੇਵੇਂ ਤੋਂ ਨਿਰਲੇਪ ਹੋ ਕੇ ਵਗਿਆ ਸੀ। ਕਿਸਾਨ ਅੰਦੋਲਨ ਭਾਈਚਾਰਕ ਸਾਂਝ ਦੀ ਮਘਦੀ ਮਿਸਾਲ ਹੈ।



ਭਾਈਚਾਰਕ ਸਾਂਝ ਦੇ ਨਾਲ ਕਿਸਾਨ ਅੰਦੋਲਨ ਨੇ ਪਰਵਾਰਕ ਸੰਬੰਧਾਂ ਨੂੰ ਵੀ ਮਜ਼ਬੂਤ ਕੀਤਾ। ਕਿਸਾਨ ਤੇ ਉਨ੍ਹਾਂ ਦੇ ਪਰਵਾਰ ਭਾਵੇਂ ਹੱਥੀਂ ਕੰਮ ਕਰਨ ਦੇ ਪ੍ਰਤੱਖ ਅਤੇ ਵਿਸ਼ੇਸ਼ ਪ੍ਰਮਾਣ ਹਨ, ਪਰ ਇਸ ਅੰਦੋਲਨ ਨੇ ਹੱਥੀਂ ਕੰਮ ਕਰਨ ਦੇ ਪੂਰਨਿਆਂ ਨੂੰ ਹੋਰ ਗੂੜ੍ਹਾ ਕਰ ਕੇ ਉਕਰਿਆ। ਅੰਦੋਲਨ ਸ਼ੁਰੂ ਹੁੰਦਿਆਂ ਹੀ ਵਾਟਸਐਪ ਉੱਤੇ ਇੱਕ ਤਸਵੀਰ ਵਾਇਰਲ ਹੋਈ, ਜਿੱਥੇ ਪੰਜ ਔਰਤਾਂ ਇੱਕੋ ਕਤਾਰ ਵਿੱਚ ਕਣਕ ਦੇ ਨਦੀਨ ਸਪਰੇਅ ਕਰਦੀਆਂ ਹਨ। ਸਿੰਘੂ ਬਾਰਡਰ ਉੱਤੇ ਬੈਠੇ ਕਿਸਾਨਾਂ ਦੀਆਂ ਫਸਲਾਂ ਨੂੰ ਪਿੰਡ ਵਾਲਿਆਂ ਤੇ ਸਕੇ ਪਰਵਾਰਾਂ ਨੇ ਸਾਂਭਿਆ। ਸ਼ਰੀਕੇਬਾਜ਼ੀ ਸਾਡੇ ਪੇਂਡੂ ਖੇਤਰ ਉੱਤੇ ਇੱਕ ਦਾਗ ਹੈ, ਪਰ ਇਸ ਅੰਦੋਲਨ ਦੌਰਾਨ ਪਹਿਲੀ ਵਾਰ ਇਸ ਦਾਗ ਦਾ ਰੰਗ ਫਿੱਕਾ ਪਿਆ ਵੇਖਿਆ।

ਮੇਰੇ ਦਫਤਰ ਦੇ ਇੱਕ ਹਿੰਦੂ ਸਹਿਯੋਗੀ ਨੂੰ ਮੈਂ ਦਸੰਬਰ 2020 ਦੀ ਇੱਕ ਸਵੇਰ ਸੁਸਤ ਤੇ ਉਦਾਸ ਮਹਿਸੂਸ ਕੀਤਾ। ਪੁੱਛਣ ਉੱਤੇ ਉਸ ਨੇ ਦੱਸਿਆ ਕਿ ਮੇਰੀ ਪਤਨੀ ਨੇ ਬੱਚਿਆਂ ਤੇ ਔਰਤਾਂ ਨੂੰ ਏਨੀ ਠੰਢ ਵਿੱਚ ਕਿਸਾਨ ਅੰਦੋਲਨ ਦੇ ਹੱਕ ਵਿੱਚ ਚੰਡੀਗੜ੍ਹ ਦੇ ਚੌਕਾਂ ਵਿੱਚ ਖੜ੍ਹੇ ਵੇਖਿਆ। ਕੱਲ੍ਹ ਸ਼ਾਮ ਗੱਲ ਸੁਣਾਉਂਦੀ ਉਹ ਬੇਹੋਸ਼ ਹੋ ਗਈ ਸੀ। ਹਫਤੇ ਕੁ ਬਾਅਦ ਮੈਂ ਪਰਵਾਰ ਦਾ ਹਾਲ ਪੁੱਛਿਆ। ਅੱਜ ਉਹ ਟਹਿਕ ਵਿੱਚ ਸੀ ਤੇ ਕਹਿੰਦਾ; ਪਤਨੀ ਬਿਸਕੁਟਾਂ ਦੇ ਪੈਕਟ ਅਤੇ ਚਾਹ ਦੀ ਥਰਮੋਸ ਭਰ ਕੇ ਲੈ ਜਾਂਦੀ ਤੇ ਚੌਂਕਾਂ ਵਿੱਚ ਖੜ੍ਹੀਆਂ ਔਰਤਾਂ ਨੂੰ ਛਕਾ ਕੇ ਆਉਂਦੀ ਹੈ। ਉਹ ਕਹਿੰਦਾ, ਕਿਸਾਨ ਅੰਦੋਲਨ ਦੌਰਾਨ ਪਤਨੀ ਵੱਲੋਂ ਸੁਆਦਲੀ ਚਾਹ ਬਣਾਉਣ ਦੇ ਦਰਜੇ ਵਿੱਚ ਚੋਖਾ ਵਾਧਾ ਹੋਇਆ। ਅੰਦੋਲਨ ਨੇ ਆਪਣੇ ਉਨ੍ਹਾਂ ਪਰਵਾਰਾਂ ਨੂੰ ਵੀ ਬੁੱਕਲ ਵਿੱਚ ਲੈ ਲਿਆ, ਜਿਨ੍ਹਾਂ ਦਾ ਖੇਤੀ ਨਾਲ ਕੋਈ ਸੰਬੰਧ ਨਹੀਂ ਸੀ।

'ਦੋ ਹੰਝੂਆਂ ਨੇ ਹਰਿਆ ਕੀਤਾ, ਕੋਹਾਂ ਤੱਕ ਜੋ ਬੰਜਰ ਸੀ' ਗੀਤ ਸੰਗੀਤ ਅਤੇ ਕਾਵਿ ਟੋਟਕਿਆਂ ਨੇ ਕਿਸਾਨ ਅੰਦੋਲਨ ਵਿੱਚ ਨਵੀਂ ਰੂਹ ਫੂਕ ਦਿੱਤੀ ਸੀ। ਗੂੰਜਦੇ ਬੋਲਾਂ ਨੇ ਪੋਹ ਮਾਘ ਦੇ ਦਿਨਾਂ ਵਿੱਚ ਵੀ ਸਿਆਣੇ ਸਰੀਰਾਂ ਨੂੰ ਨਿੱਘੇ ਰੱਖਿਆ। ਇਸ ਸਫਰ ਦੌਰਾਨ ਪੂਰਾ ਵਰ੍ਹਾ ਅਨੇਕਾਂ ਵੀਡੀਓਜ਼ ਵਾਟਸਐਪ ਗਰੁੱਪਾਂ ਉੱਤੇ ਚਰਚਾ ਦਾ ਵਿਸ਼ਾ ਬਣੀਆਂ। ਕਿਸਾਨ ਅੰਦੋਲਨ ਦੌਰਾਨ ਹੋਂਦ ਵਿੱਚ ਆਏ ਕਾਵ-ਟੋਟਕੇ ਅਖਬਾਰਾਂ ਤੇ ਪ੍ਰਿੰਟ ਮੀਡੀਆ ਦੇ ਮੱਥਿਆਂ ਦਾ ਸ਼ਿੰਗਾਰ ਬਣੇ। ਕਿਸਾਨ ਅੰਦੋਲਨ ਨੇ ਲੋਕਾਂ ਵਿੱਚ ਹੈਰਾਨੀਜਨਕ ਸੂਝ ਅਤੇ ਹੱਕਾਂ ਦੀ ਨੀਂਹ ਰੱਖੀ। ਉਨ੍ਹਾਂ ਨੇ ਮਾਈਕ ਅੱਗੇ ਬੋਲਣ ਦੀ ਝਿਜਕ ਪਾਰ ਕਰ ਲਈ ਤੇ ਲਾਮਬੰਦ ਹੋ ਗਏ। ਅੱਜ ਤੱਕ ਲੋਕ ਰਾਜਨੀਤਕ ਤਾਕਤ ਅੱਗੇ ਸਵਾਲ ਕਰਨ ਤੋਂ ਅਸਮਰੱਥ ਸਨ, ਕਿਸਾਨ ਅੰਦੋਲਨ ਨੇ ਇਹ ਪਰਦਾ ਚੁੱਕ ਦਿੱਤਾ। ਕਿਸਾਨਾਂ ਨੇ ਸਭ ਰਾਜਨੀਤਕ ਪਾਰਟੀਆਂ ਨੂੰ ਆਪਣੇ ਸੰਘਰਸ਼ ਦਾ ਵੇਰਵਾ ਪਾ ਕੇ ਸਿਆਸੀ ਸਰਗਰਮੀਆਂ ਤੋਂ ਰੋਕਿਆ। ਲੀਡਰਾਂ ਤੇ ਉਨ੍ਹਾਂ ਦੇ ਸਮਾਗਮਾਂ ਦਾ ਘਿਰਾਓ ਹੋਣ ਲੱਗਾ।

ਕਿਸਾਨ ਅੰਦੋਲਨ ਨੇ ਰਾਜਾਂ ਦੇ ਸੰਬੰਧਾਂ ਨੂੰ ਨਵਾਂ ਰੂਪ ਦਿੱਤਾ। ਜਦ ਕਿਸਾਨ ਅੰਦੋਲਨ ਦਾ ਸਮਾਂ ਲੰਬਾ ਹੋਣ ਲੱਗਾ ਤਾਂ ਪੰਜਾਬ ਦੇ ਕਿਸਾਨ ਬਦਲ ਬਦਲ ਕੇ ਹਾਜ਼ਰੀ ਭਰਨ ਲੱਗੇ। ਇਨ੍ਹਾਂ ਆਉਂਦੇ ਜਾਂਦੇ ਕਿਸਾਨਾਂ ਨੂੰ ਹਰਿਆਣੇ ਦੇ ਲੋਕ ਰੋਕ ਕੇ ਰੋਟੀ ਪਾਣੀ ਦੀ ਸੇਵਾ ਕਰਨ ਲੱਗੇ। ਵੇਖਦਿਆਂ ਵੇਖਦਿਆਂ ਪੂਰਾ ਉੱਤਰੀ ਖਿੱਤਾ ਇੱਕੋ ਘਰ ਜਾਪਣ ਲੱਗ ਪਿਆ। ਕਿਸਾਨ ਅੰਦੋਲਨ ਵੱਲੋਂ ਦੇਸ਼ ਬੰਦ ਦੀਆਂ ਤਰੀਕਾਂ ਦੇਣ ਦੇ ਨਾਲ ਇਹ ਅੰਦੋਲਨ ਪੂਰਬ ਤੇ ਉੱਤਰ ਵੱਲ ਫੈਲ ਗਿਆ। ਦੱਖਣੀ ਪ੍ਰਾਂਤਾਂ ਦੇ ਕਾਲਜ ਟੂਰ ਇਸ ਅੰਦੋਲਨ ਨੂੰ ਵੇਖਣ ਆਏ। ਪੂਰੇ ਦੇਸ਼ ਵਿੱਚ ਪੱਕੀ ਹਾਜ਼ਰੀ ਭਰਦੇ ਰਹੇ। ਲੋਕਾਂ ਨੂੰ ਪਿਆਰ ਕਰਨ ਵਾਲੇ ਹਰ ਵਿਅਕਤੀ ਲਈ ਸਿੰਘੂ ਬਾਰਡਰ ਮਨ ਭਾਉਂਦੀ ਥਾਂ ਬਣ ਗਈ। ਇਸ ਅੰਦੋਲਨ ਨੇ ਡਾਕਟਰ ਸਵੈਮਾਨ ਸਿੰਘ ਜਿਹੇ ਦੇਸ਼ ਪ੍ਰੇਮੀਆਂ ਨੂੰ ਚੁੰਬਕ ਵਾਂਗ ਖਿੱਚਿਆ ਅਤੇ ਭਾਈ ਲਾਲੋ ਦੇ ਵਾਰਸਾਂ ਜਿਹੇ 'ਰਾਣਿਆਂ' ਨੂੰ ਮਾਣ ਬਖਸ਼ਿਆ। ਕਿਸਾਨ ਅੰਦੋਲਨ ਨੇ ਔਰਤਾਂ ਨੂੰ ਮਾਣ ਬਖਸ਼ਿਆ। ਕਈ ਵਿਅਕਤੀ ਆਪਣੇ ਪਰਵਾਰ ਵੀ ਨਾਲ ਲੈ ਕੇ ਗਏ। ਅੰਦੋਲਨ ਦੌਰਾਨ ਸਕੂਲਾਂ ਦਾ ਹੋਮ ਵਰਕ ਕਰਦੇ ਬੱਚੇ ਵਿਦੇਸ਼ਾਂ ਵਿੱਚ ਅਖਬਾਰਾਂ ਦੀਆਂ ਸੁਰਖੀਆਂ ਬਣੇ। ਚੁੱਲ੍ਹਿਆਂ ਵਿੱਚ ਲਟ-ਲਟ ਮੱਚਦੀ ਅੱਗ, ਰੋਟੀਆਂ ਪਕਾਉਂਦੀਆਂ ਮਾਵਾਂ ਜ਼ਿੰਦਾਬਾਦ ਦੇ ਨਾਅਰੇ ਲਾਉਣ ਲੱਗੀਆਂ। ਭੈਣਾਂ ਅਤੇ ਮਾਵਾਂ ਦੇ ਰੋਹ ਵਿੱਚ ਅੰਦੋਲਨ ਲਾਲ ਸੁਰਖ ਹੋਣ ਲੱਗਾ। ਦੁੱਖ ਅਤੇ ਜਬਰ ਝੱਲਦੇ ਲੋਕਾਂ ਦੀਆਂ ਸਾਂਝਾਂ ਪੱਕੀਆਂ ਪੀਡੀਆਂ ਹੁੰਦੀਆਂ ਹਨ। ਉਥੇ ਵੱਸਦੇ ਪਰਵਾਰਾਂ ਅਤੇ ਕਿਸਾਨਾਂ ਦੀਆਂ ਸਾਂਝਾਂ ਪੱਕੇ ਰੰਗਾਂ ਵਾਂਗ ਝਲਕਣ ਲੱਗ ਪਈਆਂ ਸਨ। ਫੁੱਟ ਪਾਊ ਤਾਕਤਾਂ ਦੇ ਅਥਾਹ ਯਤਨਾਂ ਦੇ ਬਾਵਜੂਦ ਇਹ ਸਾਂਝਾਂ ਅਡੋਲ ਰਹੀਆਂ ਅਤੇ ਅੰਤਲੇ ਸਮੇਂ ਹੰਝੂਆਂ ਵਿੱਚ ਵਹਿ ਤੁਰੀਆਂ। ਇਸ ਅੰਦੋਲਨ ਨੇ ਲੋਕ ਸਾਂਝ ਨੂੰ ਅਥਾਹ ਮਾਣ ਬਖਸ਼ਿਆ, ਔਰਤਾਂ ਇਸ ਮਾਣ ਦਾ ਤਾਜ ਹਨ।

ਇੱਕ ਵਿਧਵਾ ਔਰਤ ਕਿਸਾਨ ਅੰਦੋਲਨ ਦਾ ਵਿਸ਼ੇਸ਼ ਹਿੱਸਾ ਬਣੀ। ਆਮ ਤੌਰ ਉੱਤੇ ਦੁਖੀ ਬੰਦੇ, ਖਾਸ ਕਰ ਕੇ ਔਰਤ, ਜ਼ਿੰਦਗੀ ਦੇ ਦੁੱਖਾਂ ਨਾਲ ਸਮਝੌਤਾ ਕਰ ਕੇ ਜ਼ਿੰਦਗੀ ਮੁਕਾਉਣ ਦੀ ਸਥਿਤੀ ਲਈ ਮਜਬੂਰ ਹੋ ਕੇ ਰਹਿ ਜਾਂਦੇ ਹਨ। ਉਸ ਔਰਤ ਦਾ ਪਤੀ ਸ਼ਰਾਬ ਪੀਣ ਕਾਰਨ ਮਰਿਆ ਅਤੇ ਸ਼ਰਾਬ ਲਈ ਸਾਰੀ ਜਾਇਦਾਦ ਵੇਚ ਗਿਆ। ਸਾਰੇ ਅੰਦੋਲਨ ਦੌਰਾਨ ਉਹ ਇੱਕੋ ਲਾਈਨ ਦਾ ਸੁਨੇਹਾ ਦਿੰਦੀ ਰਹੀ, ''ਮੇਰੇ ਬੱਚਿਆਂ ਤੋਂ ਜ਼ਮੀਨ ਖੁਸ ਗਈ, ਤੁਸੀਂ ਸਾਵਧਾਨ ਰਹਿਣਾ ਤੁਹਾਡੇ ਬੱਚਿਆਂ ਕੋਲੋਂ ਨਾ ਖੁੱਸ ਜਾਵੇ।'' ਸ਼ਰਾਬ ਨੇ ਪੰਜਾਬ ਦਾ ਘਾਣ ਕੀਤਾ ਹੈ, ਖਾਸਕਰ ਕਿਸਾਨਾਂ, ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਵਾਰਾਂ ਦਾ। ਇਸ ਔਰਤ ਦੀ ਜ਼ਿੰਦਗੀ ਇਸ ਦੁਖਾਂਤ ਦਾ ਪ੍ਰਤੀਕ ਹੈ।

ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਅੱਜ ਦੀਆਂ ਮੁਹਿੰਮਾਂ ਸਾਡੇ ਆਪਣੇ ਸਿਸਟਮ ਦੀ ਦੇਣ ਹਨ ਤੇ ਇਨ੍ਹਾਂ ਦੀ ਹੋਂਦ ਸਦੀਵੀ ਹੈ। ਮੁਨਾਫੇ ਦੇ ਹਾਸ਼ੀਏ ਤੋਂ ਬਾਹਰ ਹੋਇਆ ਖੇਤੀ ਧੰਦਾ, ਲੜਖੜਾਈ ਆਰਥਿਕਤਾ, ਬੇਰੁਜ਼ਗਾਰੀ, ਨਸ਼ੇ, ਵਿਆਹਾਂ ਉੱਤੇ ਬੇਲੋੜੇ ਖਰਚੇ, ਵਸੋਂ ਦੀ ਲਗਾਤਾਰ ਘਟਦੀ ਜਾ ਰਹੀ ਜਨਣ ਦਰ ਅਤੇ ਵਿਦੇਸ਼ ਜਾਣ ਦੀ ਹੋੜ ਪੰਜਾਬ ਨੂੰ ਹਰ ਪਲ ਪੈਂਦੇ ਵੱਡੇ ਵੱਡੇ ਘਾਟੇ ਹਨ। ਜੇ ਅਸੀਂ ਇਸ ਸਮੇਂ ਵੀ ਪੰਜਾਬ ਲਈ ਕੁਝ ਨਹੀਂ ਕਰ ਸਕੇ ਤਾਂ ਸਾਡੀ ਹਾਲਤ ਵਾਰਸ ਦੀਆਂ ਏਨਾਂ ਸਤਰਾਂ ਵਰਗੀ ਹੋਵੇਗੀ :

ਲੈ ਵੇ ਰਾਂਝਿਆ ਰੱਬ ਨੂੰ ਸੌਂਪਿਓਂ ਤੂੰ
ਅਸੀਂ ਜ਼ਾਲਮਾਂ ਦੇ ਵੱਸ ਪੈ
ਚੱਲੇ...ਵੇ।
ਜਿਹੜੇ ਨਾਲ ਖਿਆਲ ਉਸਾਰਦੇ ਸੀ
ਖ਼ਾਨੇ ਸਭ ਉਮੀਦ ਦੇ ਢਹਿ
ਚੱਲੇ...ਵੇ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤਰ: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਡਾ. ਗੁਰਬਚਨ ਸਿੰਘ ਬਚਨ ਨੂੰ ਯਾਦ ਕਰਦਿਆਂ...






ਡਾ. ਗੁਰਬਚਨ ਸਿੰਘ ਬਚਨ, ਸਾਬਕਾ ਕੋਆਰਡੀਨੇਟਰ, ਕੌਮੀ ਸੇਵਾ ਯੋਜਨਾ (ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) 11 ਦਸੰਬਰ 2021 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਉਸ ਸੰਸਾਰ ਨੂੰ ਉਡਾਰੀ ਮਾਰ ਗਏ ਹਨ ਜਿੱਥੋਂ ਕੋਈ ਵਾਪਸ ਨਹੀਂ ਆਇਆ। ਬਚਨ ਸਾਹਿਬ ਨੇ ਆਪਣਾ ਸਰਵਿਸ-ਕੈਰੀਅਰ ਬਤੌਰ ਭੂਗੋਲ ਵਿਗਿਆਨ ਪ੍ਰੋਫੈਸਰ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਆਰੰਭ ਕੀਤਾ। ਉਪਰੰਤ, ਆਪ ਲੰਮਾ ਸਮਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਕੌਮੀ ਸੇਵਾ ਯੋਜਨਾ(...) ਦੇ ਕੋਆਰਡੀਨੇਟਰ ਰਹੇ। ਮੈਨੂੰ ਉਨ੍ਹਾਂ ਨਾਲ ਬਤੌਰ ਕੌਮੀ ਸੇਵਾ ਯੋਜਨਾ ਵਾਲੰਟੀਅਰ ਅਤੇ ਕੈਂਪ-ਕਮਾਂਡਰ (1980 -1990) ਦੁਆਬਾ ਕਾਲਜ ਅਤੇ ਲਾਇਲਪੁਰ ਖਾਲਸਾ ਕਾਲਜ ਜਲੰਧਰ ਕੰਮ ਕਰਨ ਦਾ ਮੌਕਾ ਮਿਲਿਆ। ਕਈ ਹੋਰਨਾਂ ਵਾਂਗ ਮੈਨੂੰ ਵੀ ਉਨ੍ਹਾਂ ਕੋਲੋਂ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਿਆ।

ਕਾਲਜ ਦੀ ਪੜ੍ਹਾਈ ਲਈ ਦੋਆ-ਬਾ ਕਾਲਜ ਜਾਂਦਿਆਂ ਹੀ ਪ੍ਰੋ. ਪਰਸ਼ੋਤਮ ਸਿੰਘ ਬੱਲ ਹੋਰਾਂ ਮੈਨੂੰ 'ਜੱਥੇਦਾਰ' ਦੀ ਉਪਾਧੀ ਦੇ ਕੇ ਸਟੇਜ 'ਤੇ ਚਾੜ੍ਹ ਦਿੱਤਾ ਜਿਸ ਨਾਲ ਬਣੇ ਹੌਸਲੇ ਅਤੇ ਵਿਸ਼ਵਾਸ ਸਦਕਾ ਅੱਜ ਤੀਕਰ ਕੈਨੇਡਾ ਦੇ ਇਮੀਗ੍ਰੇਸ਼ਨ ਅਪੀਲ ਵਿਭਾਗ 'ਚ ਹਜ਼ਾਰਾਂ ਲੋਕਾਂ ਦੀ ਮਦਦ ਕਰਨ ਵਿਚ ਸਹਾਈ ਹੋ ਸਕਿਆ ਹਾਂ। ਦੁਆਬਾ ਕਾਲਜ ਅਤੇ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਦਿਆਂ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਸਾਹਿਬਾਨ ਅਤੇ ... ਦੇ ਕੋਆਰਡੀਨੇਟਰ ਪ੍ਰੋ. ਗੁਰਬਚਨ ਸਿੰਘ ਬਚਨ ਹੋਰਾਂ ਦੇ ਸੰਪਰਕ ਵਿਚ ਆ ਕੇ ਮੇਰੇ ਹੌਸਲੇ ਤੇ ਸਵੈ-ਵਿਸ਼ਵਾਸ ਵਿਚ ਹੋਰ ਵੀ ਵਾਧਾ ਹੋਇਆ। ਡਾ. ਬਚਨ ਬੜੇ ਹਸਮੁੱਖ ਅਤੇ ਮਖ਼ੌਲੀਆ ਸੁਭਾਅ ਦੇ ਮਾਲਕ ਸਨ। ਇੱਥੋਂ ਤੱਕ ਕਿ ਉਹ ਕਈ ਵਾਰ ਆਪਣੇ ਆਪ ਉਪਰ ਵੀ ਹੱਸ ਲੈਂਦੇ ਸਨ ਪਰ ਇਸ ਦੇ ਨਾਲ ਹੀ ਉਹ ਡਿਸਿਪਲਿਨ ਵਿਚ ਰਹਿਣ ਅਤੇ ਹੋਰਨਾਂ ਨੂੰ ਡਿਸਿਪਲਿਨ ਵਿਚ ਰੱਖਣ ਦੇ ਪੱਕੇ ਧਾਰਨੀ ਸਨ।

ਇਸ ਸਮੇਂ ਉਨ੍ਹਾਂ ਨਾਲ ਜੁੜੀਆਂ ਕੁਝ ਯਾਦਾਂ ਸਾਂਝੀਆਂ ਕਰਨ ਨੂੰ ਮੇਰਾ ਮਨ ਕਰ ਰਿਹਾ ਹੈ।

ਡਲਹੌਜੀ ਦੇ ਰਸਤੇ ਵਿਚ ਆਉਂਦੇ ਪਿੰਡ ਦੁਨੇਰਾ ਲਾਗੇ ਲੱਗੇ ... ਦੇ ਕੈਂਪ ਦੌਰਾਨ ਇਕ ਪ੍ਰੋਫੈਸਰ ਨੇ ਉਨ੍ਹਾਂ ਬਾਰੇ ਬੜੀ ਦਿਲਚਸਪ ਗੱਲ ਸੁਣਾਈ ਕਿ ਇਕ ਵਾਰੀ ਉਹ ਬਚਨ ਹੋਰਾਂ ਨੂੰ ਮਿਲਣ ਲਈ ਸਵੇਰੇ ਹੀ ਉਨ੍ਹਾਂ ਦੇ ਅੰਮ੍ਰਿਤਸਰ ਨਿਵਾਸ ਅਸਥਾਨ 'ਤੇ ਗਿਆ ਤਾਂ ਉਹ ਉਸ ਸਮੇਂ ਪਾਠ ਕਰ ਰਹੇ ਸਨ। ਬਚਨ ਸਾਹਿਬ ਨੇ ਹੱਥ ਜੋੜ ਕੇ ਉਨ੍ਹਾਂ ਨੂੰ ਫ਼ਤਿਹ ਬੁਲਾਈ ਅਤੇ ਪਾਠ ਕਰਦਿਆਂ ਹੀ ਰਸੋਈ ਵੱਲ ਇਸ਼ਾਰਾ ਕਰਦਿਆਂ ਬੋਲੇ "ਆਪੇ ਬੀਜਿ ਆਪੇ ਹੀ ਖਾਹੁ"। 'ਜਪੁਜੀ ਸਾਹਿਬ' ਦੀ ਇਹ ਤੁਕ ਜਦੋਂ ਬਚਨ ਸਾਹਿਬ ਨੇ ਦੋ-ਤਿੰਨ ਵਾਰ ਦੁਹਰਾਈ ਤਾਂ ਉਹ ਪ੍ਰੋਫੈਸਰ ਸਾਹਿਬ ਸਮਝ ਗਏ ਕਿ ਸ੍ਰੀਮਤੀ ਬਚਨ ਜੀ ਉਸ ਸਮੇਂ ਘਰ ਨਹੀਂ ਹਨ ਅਤੇ ਉਨ੍ਹਾਂ ਨੂੰ ਚਾਹ-ਪਾਣੀ ਦੀ 'ਸੈਲਫ਼-ਸਰਵਿਸ' ਹੀ ਕਰਨੀ ਪੈਣੀ ਹੈ।

1986 ਵਿਚ ਮੈਨੂੰ ... ਦੀਆਂ ਸੇਵਾਵਾਂ ਲਈ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਚ ਰੱਖੇ ਗਏ ਇਕ



ਰਾਜਪਾਲ ਸਿੰਘ ਹੋਠੀ
(416-989-1313)

ਸਮਾਗ਼ਮ ਵਿਚ "ਮੁੱਖ ਮੰਤਰੀ ਐਵਾਰਡ" ਮਿਲਣਾ ਸੀ। ਉਸ ਨੂੰ ਪ੍ਰਾਪਤ ਕਰਨ ਲਈ ਅਸੀਂ ਤਿੰਨ ਜਣੇ ਬਚਨ ਸਾਹਿਬ ਦੇ ... ਮਹਿਕਮੇਂ ਦੀ ਯੂਨੀਵਰਸਿਟੀ ਵਾਲੀ ਜਿਪਸੀ ਵਿਚ ਚੰਡੀਗੜ੍ਹ ਜਾ ਰਹੇ ਸੀ। ਅਸ਼ੋਕ ਡਰਾਈਵਰ ਜਿਪਸੀ ਚਲਾ ਰਿਹਾ ਸੀ। ਬਚਨ ਸਾਹਿਬ ਉਸ ਦੇ ਨਾਲ ਅਗਲੀ ਸੀਟ 'ਤੇ ਬੈਠੇ ਸਨ। ਪਿਛਲੀ ਸੀਟ 'ਤੇ ਮੇਰੇ ਨਾਲ ਉਸ ਸਮੇਂ ਦੇ ਵਾਈਸ-ਚਾਂਸਲਰ ਡਾ. ਸੁਰਜੀਤ ਸਿੰਘ ਬੱਲ ਬੈਠੇ ਸਨ। ਚੰਡੀਗੜ੍ਹ ਦੀ ਹੱਦ ਅੰਦਰ ਦਾਖ਼ਲ ਹੋਣ ਤੋਂ ਪਹਿਲਾਂ ਹੀ ਸਾਡੇ ਅੱਗੇ ਅਚਾਨਕ ਰਿਕਸ਼ੇ ਤੋਂ ਇਕ ਡਰੰਮ ਡਿੱਗ ਪਿਆ। ਬੜੀ ਹੁਸ਼ਿਆਰੀ ਤੋਂ ਕੰਮ ਲੈਂਦਿਆਂ ਡਰਾਈਵਰ ਨੇ ਬਰੇਕ ਤਾਂ ਮਾਰ ਲਈ ਪਰ ਖਾਲੀ ਡਰੰਮ ਰਿੜ੍ਹਦਾ ਹੋਇਆ ਮਲਕੜੇ ਜਿਹੇ ਜਿਪਸੀ ਦੇ ਅੱਗੇ ਆ ਲੱਗਾ। ਜ਼ਾਹਿਰ ਸੀ ਕਿ ਜਿਪਸੀ ਦਾ ਕੋਈ ਖਾਸ ਨੁਕਸਾਨ ਨਹੀਂ ਹੋਇਆ ਸੀ ਜਿਸ ਨੂੰ ਭਾਂਪਦਿਆਂ ਹੋਇਆਂ ਡਾ. ਬਚਨ ਕਹਿਣ ਲੱਗੇ, "ਅਸ਼ੋਕ, ਜਿਪਸੀ ਦੀਆਂ ਲਾਈਟਾਂ ਮੇਰੀਆਂ ਅੱਖਾਂ ਵਰਗੀਆਂ ਡੂੰਘੀਆਂ ਈ ਨੇ। ਮੇਰਾ ਖਿਆਲ ਏ, ਇਨ੍ਹਾਂ ਨੂੰ ਕੋਈ ਫ਼ਰਕ ਨਹੀਂ ਪੈਣ ਲੱਗਾ। "ਰਿਕਸ਼ਾ-ਚਾਲਕ ਨੂੰ ਬੜੇ ਪਿਆਰ ਨਾਲ ਰੱਸੀ ਵਰਤਣ ਦੀ ਤਾਕੀਦ ਕਰਦਿਆ ਉਨ੍ਹਾਂ ਡਰਾਇਵਰ ਨੂੰ ਅੱਗੇ ਚੱਲਣ ਲਈ ਕਿਹਾ। ਮੈਂ ਤੇ ਡਾ. ਬੱਲ ਸਾਹਿਬ ਕਿੰਨਾ ਚਿਰ ਬਚਨ ਸਾਹਿਬ ਦੇ ਇਨ੍ਹਾਂ ਬਚਨਾਂ 'ਤੇ ਹੱਸਦੇ ਰਹੇ।

ਬਚਨ ਸਾਹਿਬ ਨਾਲ ਜੁੜੀ ਇਕ ਹੋਰ ਘਟਨਾ ਯਾਦ ਆ ਰਹੀ ਹੈ। ਬਚਨ ਸਾਹਿਬ ਲੜਕੇ-ਲੜਕੀਆਂ ਦਾ ਇਕ ਸਾਂਝਾ ਟੂਰ ਯੂਨੀਵਰਸਿਟੀ ਦੀ ਬੱਸ 'ਤੇ ਲੈ ਕੇ ਗਏ। ਰਸਤੇ ਵਿਚ ਲੜਕਿਆਂ ਨੇ ਲੜਕੀਆਂ ਨੂੰ ਕੁਝ 'ਮਾੜਾ-ਚੰਗਾ' ਕਹਿ ਦਿੱਤਾ। ਬਚਨ ਸਾਹਿਬ ਗੁੱਸੇ ਵਿਚ ਆ ਗਏ ਤੇ ਬੋਲੇ, "ਉਤਰੋ ਸਾਰੇ ਥੱਲੇ ਅਤੇ ਲੜਕੇ ਆਪਣੇ ਕਹੇ ਦੀ ਮੁਆਫੀ ਮੰਗਣ ਲਈ ਨੱਕ ਨਾਲ ਧਰਤੀ 'ਤੇ ਲਕੀਰਾਂ ਕੱਢਣ।" ਲਕੀਰਾਂ ਕੱਢ ਕੇ ਲੜਕੇ ਜਦੋਂ ਖੜੇ ਹੋਏ ਤਾਂ ਬਚਨ ਹੋਰੀਂ ਕਹਿਣ ਲੱਗੇ, "ਤੁਸੀਂ ਸੋਚਦੇ ਹੋਵੋਗੇ ਕਿ ਮੰਗੀ ਹੋਈ ਉਹ ਮੁਆਫੀ ਤਾਂ ਉਥੇ ਜ਼ਮੀਨ 'ਤੇ ਹੀ ਰਹਿ ਗਈ ਏ, ਸੋ ਹੁਣ ਬੱਸ ਦੇ ਟਾਇਰਾਂ ਨਾਲ ਨੱਕ ਰਗੜ ਕੇ ਹੋਰ ਮੁਆਫੀ ਮੰਗੋ ਤਾਂ ਕਿ ਮੁਆਫੀ ਵਾਲਾ ਇਹ ਸਬੂਤ ਘੱਟੋ-ਘੱਟ ਯੂਨੀਵਰਸਿਟੀ ਤੱਕ ਤਾਂ ਤੁਹਾਡੇ ਨਾਲ ਚੱਲੇ।"

ਕੁਝ ਇਸ ਤਰ੍ਹਾਂ ਦੀ ਸ਼ਖ਼ਸੀਅਤ ਦੇ ਮਾਲਕ ਸਨ, ਡਾ. ਗੁਰਬਚਨ ਸਿੰਘ ਬਚਨ। ਉਨ੍ਹਾਂ ਦਾ ਜੱਦੀ ਪਿੰਡ ਖੁੱਡਾ (ਕੁਰਾਲਾ) ਜਿਲਾ ਹੁਸ਼ਿਆਰਪੁਰ ਸੀ, ਪਰ ਰਿਹਾਇਸ਼ ਉਨ੍ਹਾਂ ਦੀ ਵਧੇਰੇ ਕਰਕੇ ਅੰਮ੍ਰਿਤਸਰ ਹੀ ਰਹੀ। ਉਹ ਆਪਣੇ ਪਿੱਛੇ ਪਤਨੀ ਗੁਰਮੀਤ ਕੌਰ ਸੈਣੀ ਅਤੇ ਪੁੱਤਰ ਗੁਰਪ੍ਰਸਾਦ ਸਿੰਘ ਸੈਣੀ ਛੱਡ ਗਏ ਹਨ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਹੈ।

# ਗੁਬਾਰੇ ਵਾਲਾ ਲੜਕਾ

ਮਿੰਨੀ ਕਹਾਣੀਆਂ

ਮੈਂ ਮਾਰਕੀਟ ਜਾਣ ਲਈ ਗੱਡੀ ਦੀ ਚਾਬੀ ਚੁੱਕੀ ਅਤੇ ਆਪਣੇ ਤਿੰਨ ਸਾਲ ਦੇ ਬੇਟੇ ਨੂੰ ਨਾਲ ਲੈ ਕੇ ਇਹ ਸੋਚ ਕੇ ਨਿਕਲੀ ਸੀ ਕਿ ਅੱਧੇ-ਇੱਕ ਘੰਟੇ ਤੱਕ ਵਾਪਸ ਆ ਜਾਵਾਂਗੀ, ਪਰ ਅਜਿਹਾ ਨਹੀਂ ਹੋਇਆ।

ਅਸੀਂ ਲੋਕ ਜਾਮ ਵਿੱਚ ਫਸ ਗਏ ਅਤੇ ਜਾਮ ਵੀ ਇੰਨਾ ਜ਼ਿਆਦਾ ਲੰਬਾ ਸੀ ਕਿ ਸਾਨੂੰ ਇੱਕ ਘੰਟਾ ਤਾਂ ਉਥੇ ਹੀ ਗੱਡੀ ਵਿੱਚ ਬੈਠੇ-ਬੈਠੇ ਹੋ ਗਿਆ ਸੀ। ਉਪਰੋਂ ਸ਼ਾਮ ਹੋਣ ਵਾਲੀ ਸੀ। ਇੰਨੇ ਵਿੱਚ ਇੱਕ ਬੱਚਾ ਲਾਈਟ ਵਾਲੇ ਗੁਬਾਰੇ ਲੈ ਕੇ ਆਇਆ ਅਤੇ ਬੇਟੇ ਵੱਲ ਦੇਖ ਕੇ ਬੋਲਿਆ, "ਮੈਡਮ ਜੀ, ਇੱਕ ਲਾਈਟ ਵਾਲਾ ਗੁਬਾਰਾ ਲੈ ਲਓ।"

ਮੈਂ ਮਨ੍ਹਾ ਕਰ ਦਿੱਤਾ, ਪਰ ਉਹ ਫਿਰ ਵੀ ਵਾਰ-ਵਾਰ ਇੱਕ ਗੁਬਾਰਾ ਲੈ ਲਓ ਦੀ ਜ਼ਿੱਦ ਫੜੀ ਬੈਠਾ ਸੀ। ਮੇਰਾ ਦਿਮਾਗ ਪਹਿਲਾਂ ਹੀ ਬਹੁਤ ਖਰਾਬ ਹੋ ਰਿਹਾ ਸੀ ਅਤੇ ਇਸ ਬੱਚੇ ਨੇ ਉਸ ਨੂੰ ਹੋਰ ਹਵਾ ਦੇ ਦਿੱਤੀ। ਮੈਂ ਉਸ ਉੱਤੇ ਚੀਕ ਪਈ, "ਤੈਨੂੰ ਇੱਕ ਵਾਰ ਵਿੱਚ ਗੱਲ ਸਮਝ ਨਹੀਂ ਆਉਂਦੀ, ਜਾਓ, ਅੱਗੇ ਵਧੋ, ਮੈਂ ਨਹੀਂ ਲੈਣਾ ਤੇਰਾ ਗੁਬਾਰਾ।" ਇੰਨੇ ਵਿੱਚ ਹੀ ਮੇਰਾ ਬੇਟਾ ਗੁਬਾਰੇ ਵਿੱਚ ਜਗਦੀ ਲਾਈਟਸ ਨੂੰ ਦੇਖ ਕੇ ਗੁਬਾਰਾ ਲੈਣ ਲਈ ਜਿੱਦ ਕਰਨ ਲੱਗਾ। ਜਦ ਮੈਂ ਉਸ ਨੂੰ ਵੀ ਲੈਣ ਤੋਂ ਮਨ੍ਹਾ ਕਰ ਦਿੱਤਾ ਤਾਂ ਉਹ ਰੋਣ ਲੱਗਾ।

ਗੁਬਾਰੇ ਵਾਲਾ ਲੜਕਾ ਹਾਲੇ ਉਥੇ ਹੀ ਖੜ੍ਹਾ ਸੀ। ਮੈਂ ਉਸ ਲੜਕੇ ਨੂੰ ਪੁੱਛਿਆ, "ਕਿੰਨੇ ਦਾ ਇੱਕ ਗੁਬਾਰਾ?"

ਉਸ ਨੇ ਕਿਹਾ, "ਮੈਡਮ ਜੀ ਤੀਹ ਰੁਪਏ ਦਾ।"

ਮੈਂ ਖਿਝਦੇ ਹੋਏ ਕਿਹਾ, "ਇੰਨਾ ਮਹਿੰਗਾ? ਤੁਸੀਂ ਲੋਕਾਂ ਨੇ ਗੁਬਾਰੇ ਦੇ ਨਾਂਅ ਉੱਤੇ ਲੁੱਟ ਮਚਾਈ ਹੋਈ ਹੈ। ਦਸ ਰੁਪਏ ਦਾ ਗੁਬਾਰਾ ਹੈ, ਜਿਸ ਨੂੰ ਤੀਹ ਰੁਪਏ ਦਾ ਦੇ ਰਿਹਾ ਏਂ।"

ਮੈਂ ਉਸ ਨੂੰ ਵੀਹ ਰੁਪਏ ਦਾ ਦੇਣ ਲਈ ਕਿਹਾ। ਉਹ ਲੜਕਾ ਨਹੀਂ ਮੰਨਿਆ ਅਤੇ ਆਪਣੀ ਜਿੱਦ ਉੱਤੇ ਅੜਿਆ ਰਿਹਾ। ਆਖਰ ਬੇਟੇ ਨੂੰ ਦੇਖਦੇ ਹੋਏ ਮੈਂ ਉਸ ਨੂੰ ਤੀਹ ਰੁਪਏ ਵਿੱਚ ਲੈਣ ਦਾ ਮਨ ਬਣਾ ਲਿਆ, ਪਰ ਦੇਖਿਆ ਤਾਂ ਮੇਰੇ ਕੋਲ ਪੰਜਾਹ ਦਾ ਨੋਟ ਸੀ, ਤੀਹ ਰੁਪਏ ਖੁੱਲ੍ਹੇ ਨਹੀਂ ਸਨ ਅਤੇ ਨਾ ਉਸ ਲੜਕੇ ਦੇ ਕੋਲ ਸਨ। ਕਾਫੀ ਦੇਰ ਹੋ ਗਈ ਅਤੇ ਮੇਰਾ ਬੇਟਾ ਗੁਬਾਰਾ ਲੈਣ ਦੀ ਜਿੱਦ ਵਿੱਚ ਹੁਣ ਰੋਣ ਵੀ ਲੱਗਾ। ਪੈਸੇ ਖੁੱਲ੍ਹੇ ਨਾ ਹੋਣ ਕਾਰਨ ਮੈਂ ਉਸ ਲੜਕੇ ਨੂੰ ਸਖਤ ਲਹਿਜ਼ੇ ਵਿੱਚ ਹਦਾਇਤ ਦੇ ਨਾਲ ਅੱਗੇ ਜਾਣ ਨੂੰ ਕਹਿ ਦਿੱਤਾ।

ਉਹ ਲੜਕਾ ਮੇਰੀ ਗੱਲ ਸੁਣਦੇ ਹੀ ਅੱਗੇ ਵਧ ਗਿਆ, ਪਰ ਉਸ ਨੂੰ ਪਤਾ ਨਹੀਂ ਕੀ ਸੁੱਝੀ। ਉਹ ਵਾਪਸ ਆਇਆ ਅਤੇ ਮੇਰੇ ਰੋਂਦੇ ਬੇਟੇ ਨੂੰ ਦੇਖ ਕੇ ਬੋਲਿਆ, "ਬਾਬੂ ਰੋ ਨਾ, ਐ ਲੈ ਗੁਬਾਰਾ।" ਉਸ ਨੇ ਇੱਕ ਗੁਬਾਰਾ ਕੱਢ ਕੇ ਉਸ ਨੂੰ ਦੇ ਦਿੱਤਾ ਅਤੇ ਮੈਨੂੰ ਬਿਨਾਂ ਕੁਝ ਅੱਗੇ ਵਧ ਗਿਆ। ਮੈਂ ਇਹ ਸਭ ਦੇਖਦੀ ਰਹਿ ਗਈ। ਕਿੱਥੇ ਉਹ ਤੀਹ ਰੁਪਏ ਤੋਂ ਘੱਟ ਵਿੱਚ ਗੁਬਾਰਾ ਦੇਣ ਨੂੰ ਤਿਆਰ ਨਹੀਂ ਸੀ ਅਤੇ ਫਿਰ ਮੁਫਤ ਦੇ ਗਿਆ ਅਤੇ ਇੱਕ ਮੈਂ ਸੀ, ਜੋ ਖੁੱਲ੍ਹੇ ਨਾ ਹੋਣ ਉੱਤੇ ਉਸ ਨੂੰ ਪੰਜਾਹ ਰੁਪਏ ਨਾ ਦੇ ਸਕੀ। ਮੇਰੀ ਆਤਮਾ ਮੈਨੂੰ ਸਵਾਲ ਕਰ ਰਹੀ ਸੀ, "ਦੱਸ ਕਿ ਕੌਣ ਕੀ ਮਹਿੰਗਾ ਦੇ ਰਿਹਾ ਹੈ? ਲੁੱਟ ਕਿਸ ਨੇ ਮਚਾਈ ਹੋਈ ਹੈ?" ਮੈਂ ਆਪਣੀ ਆਤਮਾ ਨੂੰ ਕੋਈ ਜਵਾਬ ਨਾ ਦੇ ਸਕੀ।

*-ਤਾਰਾਵਤੀ ਸੈਣੀ 'ਨੀਰਜ'*

# ਛੁੱਟੀ

ਸੋਮਵਾਰ ਦੀ ਅਚਾਨਕ ਐਲਾਨੀ ਸਰਕਾਰੀ ਛੁੱਟੀ ਦਾ ਪਤਾ ਲੱਗਦਿਆਂ ਹੀ ਸਾਰੇ ਬੱਚਿਆਂ ਅਤੇ ਅਧਿਆਪਕਾਂ ਦੇ ਚਿਹਰਿਆਂ ਉੱਤੇ ਖੁਸ਼ੀ ਦੀ ਲਹਿਰ ਦੌੜ ਗਈ, ਪਰ ਮੈਂ ਵੇਖ ਰਹੀ ਸਾਂ ਕਿ ਮੇਰੀ ਜਮਾਤ ਦੀ ਵਿਦਿਆਰਥਣ ਮੀਤਾਂ ਦੇ ਚਿਹਰੇ ਉੱਤੇ ਗਹਿਰ ਉਦਾਸੀ ਛਾ ਗਈ ਸੀ। ਮੈਂ ਪੜ੍ਹਾਉਣਾ ਬੰਦ ਕਰ ਕੇ ਮੀਤਾਂ ਨੂੰ ਆਪਣੇ ਕੋਲ ਬੁਲਾਇਆ ਤੇ ਬੜੇ ਹੀ ਪਿਆਰ ਨਾਲ ਪੁੱਛਿਆ, "ਮੀਤਾਂ ਬੇਟਾ...ਕੀ ਗੱਲ ਏ? ਤੂੰ ਛੁੱਟੀ ਬਾਰੇ ਸੁਣ ਕੇ ਉਦਾਸ ਕਿਉਂ ਹੋ ਗਈ ਏਂ?"

ਮੇਰੀ ਗੱਲ ਅਜੇ ਪੂਰੀ ਵੀ ਨਹੀਂ ਸੀ ਹੋਈ ਕਿ ਮੀਤਾਂ ਫੁੱਟ ਫੁੱਟ ਕੇ ਰੋਣ ਲੱਗ ਪਈ ਤੇ ਆਪਣੇ ਹੱਥਾਂ ਨਾਲ ਉਸ ਨੇ ਚਿਹਰਾ ਢੱਕ ਲਿਆ। ਇੰਝ ਅਚਾਨਕ ਉਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਝੜੀ ਲੱਗਦੀ ਵੇਖ ਕੇ ਮੇਰਾ ਮਨ ਪਸੀਜ ਗਿਆ ਤੇ ਮੈਂ ਅਗਾਂਹ ਹੋ ਕੇ ਉਸ ਦਾ ਸਿਰ ਪਲੋਸਦਿਆਂ ਹੋਇਆਂ ਉਸ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ।

ਥੋੜ੍ਹਾ ਸ਼ਾਂਤ ਹੋਣ ਮਗਰੋਂ ਹਉਕੇ ਲੈਂਦਿਆਂ ਹੋਇਆਂ ਉਹ ਬੋਲੀ, "ਮੈਡਮ ਜੀ, ਮੇਰਾ ਬਾਪ ਇੱਕ ਦਿਹਾੜੀਦਾਰ ਮਜ਼ਦੂਰ ਏ ਤੇ ਪਿਛਲੇ ਛੇ ਦਿਨਾਂ ਤੋਂ ਤੇਜ਼ ਬੁਖਾਰ ਹੋਣ ਕਰ ਕੇ ਮੰਜੇ ਉੱਤੇ ਪਿਐ। ਘਰ ਵਿੱਚ ਜਿੰਨਾ ਕੁਝ ਵੀ ਆਟਾ-ਦਾਲ ਸੀ, ਖਤਮ ਹੋ ਗਿਐ, ਦੁਕਾਨ ਵਾਲਾ ਉਧਾਰ ਸੌਦਾ ਨਹੀਂ ਦਿੰਦਾ...ਆਹ ਮੈਂ ਤੇ ਮੇਰੀ ਪੰਜ ਸਾਲ ਦੀ ਭੈਣ ਸਕੂਲੋਂ ਦੁਪਹਿਰ ਨੂੰ ਮਿਲਦਾ ਖਾਣਾ ਖਾ ਕੇ ਢਿੱਡ ਭਰ ਲੈਂਦੀਆਂ ਤੇ ਸਾਰੀ ਰਾਤ ਇਸੇ ਨਾਲ ਕੱਢਣ ਦੀ ਕੋਸ਼ਿਸ਼ ਕਰਦੀਆਂ ਹਾਂ।"

ਐਨਾ ਆਖ ਕੇ ਉਹ ਰੁਕ ਗਈ ਤੇ ਉਸ ਦਾ ਗੱਚ ਭਰ ਆਇਆ। ਅੱਥਰੂ ਪੂੰਝਦਿਆਂ ਉਹ ਬੋਲੀ, "ਮੈਡਮ ਜੀ, ਐਤਵਾਰ ਹੋਣ ਕਰ ਕੇ ਅੱਗੇ ਹੀ ਸਾਨੂੰ ਸਾਰਾ ਦਿਨ ਰੋਟੀ ਨਸੀਬ ਨਹੀਂ ਸੀ ਹੋਣੀ ਤੇ ਸੋਮਵਾਰ ਦੀ ਵੀ ਛੁੱਟੀ ਆ ਗਈ ਏ, ਮੈਂ ਤਾਂ ਦਸ ਸਾਲ ਦੀ ਆਂ ਮੈਂ ਤੇ ਔਖੀ-ਸੌਖੀ ਦੋ ਦਿਨ ਭੁੱਖੀ ਰਹਿ ਲਊਂ, ਪਰ ਆਹ ਮੇਰੀ ਨਿੱਕੀ ਭੈਣ" ਸਾਹਮਣੇ ਜਮਾਤ ਵਿੱਚ ਬੈਠੀ ਆਪਣੀ ਨਿੱਕੀ ਭੈਣ ਵੱਲ ਉਸ ਨੇ ਇਸ਼ਾਰਾ ਕੀਤਾ ਤੇ ਜ਼ਾਰ-ਜ਼ੋਰ ਰੋਣ ਲੱਗ ਪਈ। ਭਰੇ ਮਨ ਨਾਲ ਮੈਂ ਕਦੇ ਹੰਝੂਆਂ ਨਾਲ ਸਰਸ਼ਾਰ ਅੱਖਾਂ ਵਾਲੀ ਮੀਤਾਂ ਵੱਲ ਵੇਖ ਰਹੀ ਸਾਂ ਤੇ ਕਦੇ 'ਛੁੱਟੀ' ਦੇ ਸੁਨੇਹਾ ਮੋਬਾਈਲ ਫੋਨ ਰਾਹੀਂ ਅਗਾਂਹ ਤੋਰਦਿਆਂ ਆਪਣੀਆਂ ਸਾਥਣ ਅਧਿਆਪਕਾਂ ਵੱਲ। ਇੱਕ ਪਾਸੇ ਵਗਦੇ ਹੰਝੂਆਂ ਦੇ ਦਰਿਆ ਤੇ ਦੂਜੇ ਪਾਸੇ ਵੱਜਦੀਆਂ ਕਿਲਕਾਰੀਆਂ ਦਰਮਿਆਨ ਮੇਰੇ ਕੰਨਾਂ ਵਿੱਚ ਇੱਕ ਹੀ ਸ਼ਬਦ ਵਾਰ-ਵਾਰ ਗੂੰਜ ਰਿਹਾ ਸੀ ਤੇ ਉਹ ਸ਼ਬਦ ਵੀ ਛੁੱਟੀ'।

*-ਪ੍ਰੋਫੈਸਰ ਪਰਮਜੀਤ ਸਿੰਘ।*

# ਜਦੋਂ ਜੱਗੀ ਆਪਣੀ ਪਿੱਠ ਥਾਪੜਦਾ ਰਿਹਾ

-ਡਾਕਟਰ ਓਪਿੰਦਰ ਸਿੰਘ ਲਾਂਬਾ-

ਪਿਛਲੇ ਦਿਨੀਂ ਮੇਰਾ ਇੱਕ ਗੁਆਂਢੀ ਮੈਨੂੰ ਆਪਣੇ ਘਰ ਪ੍ਰਭਾਤ ਫੇਰੀ ਦਾ ਸੱਦਾ ਦਿੰਦਿਆਂ ਕਹਿਣ ਲੱਗਾ, "ਵੀਰ ਜੀ! ਕੱਲ੍ਹ ਸਵੇਰੇ ਪੰਜ ਵਜੇ ਸਾਡੇ ਗ੍ਰਹਿ ਵਿਖੇ ਸਹਿ ਪਰਵਾਰ ਆਇਆ ਜੇ। ਕੇਸਰ-ਬਾਦਾਮਾਂ ਆਲੇ ਦੁੱਧ ਨਾਲ ਦੇਸੀ ਘਿਓ ਦੀਆਂ ਪਿੰਨੀਆਂ ਦਾ ਖਾਸ ਪ੍ਰਬੰਧ ਕੀਤੈ ਸੰਗਤ ਲਈ। ਜੇ ਤੁਹਾਡੇ ਚਰਨ ਪੈ ਜਾਣ ਸਾਡੇ ਗਰੀਬਖਾਨੇ ਵਿੱਚ ਤਾਂ ਮੈਂ ਆਪਣੇ ਆਪ ਨੂੰ ਵਡਭਾਗਾ ਸਮਝਾਂਗਾ।" ਮੈਂ ਕੁਝ ਦੇਰ ਇਹੀ ਸੋਚੀ ਗਿਆ ਕਿ ਇਹ ਭਲਾ ਪੁਰਸ਼ ਸਾਨੂੰ ਅੰਮ੍ਰਿਤ ਵੇਲੇ ਮਹਾਰਾਜ ਦੇ ਚਰਨ ਪਰਸਨ ਦਾ ਨਿਓਤਾ ਦੇ ਕੇ ਗਿਐ ਜਾਂ ਕੇਸਰ ਅਤੇ ਬਦਾਮਾਂ ਦਾ ਦੁੱਧ ਪਿਆਉਣ ਦਾ!

ਖੈਰ! ਗੁਆਂਢ ਮੱਥਾ ਤੇ ਮੂੰਹ ਲਿਹਾਜ਼ੇ ਸਦਕਾ ਮੈਂ ਤੇ ਮੇਰੀ ਪਤਨੀ ਹੱਡ-ਚੀਰਵੀਂ ਸਰਦੀ ਵਿੱਚ ਤੜਕੇ ਪੌਣੇ ਪੰਜ ਵਜੇ ਜੱਗੀ ਸਾਬ੍ਹ ਦੇ ਘਰ ਵੱਲ ਹੋ ਤੁਰੇ। ਪ੍ਰਭਾਤ ਫੇਰੀ ਅਜੇ ਪਿਛਲੇ ਘਰੋਂ ਤੁਰੀ ਨਹੀਂ ਸੀ ਅਤੇ ਜੱਗੀ ਭਾਅ ਜੀ ਵਾਰ-ਵਾਰ ਆਪਣੀ ਪਤਨੀ ਨੂੰ ਆਖੀ ਜਾ ਰਹੇ ਸਨ, "ਭਲੀਏ ਲੋਕੇ! ਜਿਹੜੇ ਗੈਂਦੇ ਦੇ ਗੁਲਾਬ ਦੇ ਫੁੱਲ ਅਤੇ ਸਿਹਰੇ ਮੈਂ ਖਾਸ ਪਟਿਆਲਿਓਂ ਬਣਵਾ ਕੇ ਲਿਆਇਆਂ, ਉਹ ਛੇਤੀ ਲੈ ਆ।"

ਲਓ ਜੀ! ਆਖਰ ਸੰਗਤ ਜੱਦੀ ਭਾਅ ਜੀ ਦੇ ਘਰ ਮੂਹਰੇ ਆ ਪੁੱਜੀ ਤੇ ਗ੍ਰੰਥੀ ਸਿੰਘ ਨੇ ਉਚੀ ਤੇ ਸੁਰੀਲੀ ਲੈਅ ਵਿੱਚ ਧਾਰਨਾ ਲਾਉਣੀ ਸ਼ੁਰ ਕੀਤੀ: 'ਸੁੱਤਿਆ ਵੇ ਜਾਗ ਬੰਦਿਆ, ਤੇਰਾ ਨਾਮ ਜਪਣ ਦਾ ਵੇਲਾ'। ਫਿਜ਼ਾ ਨੂੰ ਰੂਹਾਨੀਅਤ ਦਾ ਰੰਗ ਚਾੜ੍ਹਦਿਆਂ ਜੱਗੀ ਭਾਅ ਜੀ, ਉਨ੍ਹਾਂ ਦੀ ਪਤਨੀ ਨੂੰ 'ਜੀ ਆਇਆਂ' ਆਖਦਿਆਂ ਜੈਕਾਰਿਆਂ ਦੀ ਗੂੰਜ ਵਿੱਚ ਫੁੱਲਾਂ ਦੀ ਵਰਖਾ ਕੀਤੀ। ਸਾਰਾ ਨਜ਼ਾਰਾ ਇੱਕ ਫਿਲਮ ਨਿਰਦੇਸ਼ਕ ਵਾਂਗ ਜੱਗੀ ਸਾਬ੍ਹ ਦੇ ਦਿਸ਼ਾ ਨਿਰਦੇਸ਼ ਉੱਤੇ ਉਥੇ ਮੌਜੂਦ ਫੋਟੋਗਰਾਫਰ ਤੇ ਕੈਮਰਾਮੈਨ ਵੱਲੋਂ ਬਾਕਾਇਦਾ ਰਸਮੀ ਤੌਰ ਉੱਤੇ ਕੈਮਰਿਆਂ ਵਿੱਚ ਕੈਦ ਕੀਤਾ ਜਾ ਰਿਹਾ ਸੀ।

ਇੰਨੇ ਵਿੱਚ ਸੰਗਤ ਕੋਠੀ ਦੀ ਡਿਓੜੀ ਵਿੱਚ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਮਾਨ ਸਨ, ਮੱਥਾ ਟੇਕਣ ਮਗਰੋਂ ਜਿੱਥੇ ਜਗ੍ਹਾ ਮਿਲੀ, ਸਜ ਗਈ। ਰਾਗੀ ਸਿੰਘਾਂ ਨੇ ਕੀਰਤਨ ਕੀਤਾ, ਅਰਦਾਸ ਹੋਈ, ਹੁਕਮਨਾਮਾ ਲਿਆ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਇਸ ਮੌਕੇ ਗੁਰੂ ਸਾਹਿਬ ਦੀ ਨਿੱਘੀ ਗੋਦ ਦਾ ਆਨੰਦ ਮਾਣਦੀ ਸਾਧ-ਸੰਗਤ ਦੀ ਹਾਜ਼ਰੀ ਵਿੱਚ ਜੱਗੀ ਭਾਅ ਜੀ ਨੇ ਮਹਾਰਾਜ ਲਈ ਖਾਸ ਤੌਰ ਉੱਤੇ ਸੁੱਚੀ ਜ਼ਰੀ ਦੇ ਕੰਮ ਨਾਲ ਅੰਬਰਸਰੋਂ ਤਿਆਰ ਕਰਵਾਏ ਰੇਸ਼ਮੀ ਰੁਮਾਲਾ ਸਾਹਿਬ ਦੀ ਸ਼ਲਾਘਾ ਕਰਨ ਵਿੱਚ ਭੋਰਾ ਸੰਕੋਚ ਨਾ ਕੀਤਾ। ਬਿਲਕੁਲ ਨੇੜੇ ਬੈਠੇ ਮੇਰੇ ਕੰਨ ਵਿੱਚ ਘੁਸਰ-ਮੁਸਰ ਕਰਦਿਆਂ ਜੱਗੀ ਭਾਅ ਜੀ ਕਹਿਣ ਲੱਗੇ, "ਵੀਰ ਜੀ! ਅੰਦਾਜ਼ਾ ਤਾਂ ਲਾਓ ਕਿੰਨੀ ਕੁ ਭੇਟਾ ਹੋਵੇਗੀ। ਏਸ ਰੁਮਾਲਾ ਸਾਹਿਬ ਦੀ?" ਮੈਂ ਕਿਹਾ, "ਭਾਅ ਜੀ! ਮੈਨੂੰ ਇਸ ਬਾਰੇ ਕੋਈ ਸਮਝ ਨਹੀਂ।" ਮੇਰੀ ਗੱਲ ਨੂੰ ਕੱਟਦਿਆਂ ਉਹ ਮੂਹਰਿਓਂ ਬੋਲੇ, "ਵੀਹ ਹਜ਼ਾਰ ਮੰਗਦੇ ਸੀ, ਅੜ ਕੇ ਅਠ੍ਹਾਰਾਂ ਵਿੱਚ ਬਣਵਾਇਐ, ਉਹ ਵੀ ਆਪਣੇ ਅਸਰ ਰਸੂਖ ਕਰ ਕੇ।" ਮੈਂ ਮਨੋ-ਮਨ ਇਹੀ ਸੋਚੀ ਗਿਆ ਕਿ ਇਹ ਮਹਾਰਾਜ ਦਾ ਸ਼ੁਕਰਾਨਾ ਕਰ ਰਿਹੈ ਜਾਂ ਆਪਣੀ ਵਡਿਆਈ।

ਇੰਨੇ ਵਿੱਚ ਅਰਦਾਸੀਏ ਸਿੰਘ ਨੇ ਪਰਵਾਰ ਵੱਲੋਂ ਅਕਾਲ ਪੁਰਖ ਦੀ ਮਿਹਰ ਸਦਕਾ ਸੁੱਖ ਸ਼ਾਂਤੀ ਤੇ ਸ਼ੁਕਰਾਨੇ ਲਈ ਜੱਗੀ ਦੇ ਗ੍ਰਹਿ ਵਿਖੇ ਚੱਲ ਕੇ ਆਈ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ। ਮੇਰੀ ਉਦੋਂ ਹੈਰਾਨੀ ਦੀ ਹੱਦ ਟੱਪ ਗਈ ਜਦੋਂ ਜੱਗੀ ਭਾਅ ਜੀ ਨੇ ਗੁਰਦੁਆਰੇ ਦੇ ਪ੍ਰਧਾਨ ਸਾਹਿਬ ਵੱਲੋਂ ਪ੍ਰਭਾਤ ਫੇਰੀ ਸੱਦਣ ਉੱਤੇ ਬਖਸ਼ੇ ਸਿਰੋਪਾਓ ਦੀਆਂ ਫੋਟੋ ਸਾਡੇ ਮੁਹੱਲੇ ਦੇ ਵਾਟਸਐਪ ਗਰੁੱਪ ਉੱਤੇ ਉਸੇ ਵੇਲੇ ਪਾ ਦਿੱਤੀਆਂ। ਆਖਰ ਪਰਵਾਰ ਵੱਲੋਂ ਕੀਤੀ ਬੇਨਤੀ ਉੱਤੇ ਭਾਈ ਸਾਹਿਬ ਨੇ ਸਮੂਹ ਸੰਗਤ ਨੂੰ ਲੰਗਰ ਛਕ ਕੇ ਜਾਣ ਲਈ ਆਖਦਿਆਂ ਕਿਹਾ, "ਕੋਈ ਮਾਈ-ਭਾਈ ਦੁੱਧ ਦਾ ਲੰਗਰ ਛਕੇ ਬਗੈਰ ਨਾ ਜਾਵੇ ਕਿਉਂਕਿ ਪਰਵਾਰ ਵੱਲੋਂ ਕੇਸਰ ਤੇ ਬਾਦਾਮਾਂ ਵਾਲੇ ਦੁੱਧ ਨਾਲ ਦੇਸੀ ਘਿਓ ਦੀਆਂ ਪਿੰਨੀਆਂ ਦਾ ਉਚੇਚਾ ਪ੍ਰਬੰਧ ਕੀਤਾ ਗਿਐ।" ਜੱਗੀ ਭਾਅ ਜੀ ਫੋਟੋਗਰਾਫਰ ਸਣੇ ਹਰ ਆਏ ਸੱਜਣ ਕੋਲ ਜਾ ਕੇ ਇਹ ਦੱਸਣ ਵਿੱਚ ਮਸ਼ਰੂਫ ਸਨ, "ਬਾਈ ਜੀ! ਇਹ ਕਸ਼ਮੀਰ ਦਾ ਮਸ਼ਹੂਰ ਕੇਸਰ ਮੈਂ ਖਾਸ ਆਪਣੇ ਸਾਲੇ ਜਿਹੜਾ ਸ੍ਰੀਨਗਰ ਵਿਖੇ ਚਿਰਾਂ ਤੋਂ ਡਰਾਈ ਫਰੂਟ ਦਾ ਕਾਰੋਬਾਰ ਕਰਦੈ, ਤੋਂ ਸਪੈਸ਼ਲ ਸੰਗਤ ਦੀ ਸੇਵਾ ਲਈ ਮੰਗਵਾਇਐ।" ਜੱਗੀ ਭਾਅ ਜੀ ਸਭ ਕੋਲੋਂ ਆਪ ਜਾ ਕੇ ਵਾਰ-ਵਾਰ ਇਹੀ ਪੁੱਛ ਰਹੇ ਸਨ, "ਸੱਚ ਦੱਸਿਓ ਵੀਰ ਜੀਂ, ਹੈ ਨਾ ਇਹਦਾ ਸਵਾਦ ਨਿਰਾਲਾ, ਪੀਤਾ ਜੇ ਪਹਿਲਾਂ ਕਦੇ ਅਜਿਹਾ ਬਾਦਾਮਾਂ ਤੇ ਕੇਸਰ ਆਲਾ ਦੁੱਧ। ਐਥੇ ਵੱਡੀਆਂ-ਵੱਡੀਆਂ ਦੁਕਾਨਾਂ ਉੱਤੇ ਦੁੱਧ ਵਿੱਚ ਕੇਸਰ ਦੇ ਨਾਂਅ ਉੱਤੇ ਪੀਲਾ ਰੰਗ ਤੇ ਸਿੰਥੈਟਿਕ ਅਤਰ ਘੋਲ ਘੋਲ ਕੇ ਲੁੱਟੀ ਜਾਂਦੇ ਨੇ। ਤਾਹੀਓਂ ਕਹਿੰਦੇ ਨੇ 'ਉੱਚੀ ਦੁਕਾਨ ਫਿੱਕਾ ਪਕਵਾਨ'।" ਆਪਣੀ ਪਤਨੀ ਵੱਲ ਇਸ਼ਾਰਾ ਕਰਦਿਆਂ ਜੱਗੀ ਬਿਨਾਂ ਕਿਸੇ ਝਿਜਕ ਤੋਂ ਮੁਹੱਲੇ ਦੀਆਂ ਪੰਜ-ਸੱਤ ਔਰਤਾਂ ਨੂੰ ਮੁਖਾਤਬ ਹੁੰਦਿਆਂ ਕਹਿਣ ਲੱਗਾ, "ਇਹ ਸਾਰਾ ਪੁੰਨ ਪ੍ਰਤਾਪ ਥੋਡੀ ਭੈਣ ਦਾ ਈ ਏ ਜਿਹਨੇ ਆਪਣੇ ਵੀਰ ਨੂੰ ਕਹਿ ਕੇ ਇਹ ਕੇਸਰ ਤੇ ਬਾਦਾਮ ਖਾਸ ਤੌਰ ਉੱਤੇ ਕਸ਼ਮੀਰੋਂ ਤੁਹ-ਾਡੇ ਲਈ ਮੰਗਵਾਏ ਨੇ।"

ਮੈਂ ਤੇ ਮੇਰੀ ਪਤਨੀ ਇੱਕ ਪਾਸੇ ਖੜ੍ਹੇ ਇਹੀ ਸੋਚ ਰਹੇ ਸਾਂ ਕਿ ਜੱਗੀ ਨੇ ਪ੍ਰਭਾਤ ਫੇਰੀ ਸੱਦੀ ਜਾਂ ਕੇਸਰ-ਬਾਦਾਮਾਂ ਦੇ ਦੁੱਧ ਤੇ ਪਿੰਨੀਆਂ ਦੀ ਮਸ਼ਹੂਰੀ ਕਰ ਰਿਹੈ। ਆਲੇ ਦੁਆਲੇ ਤੋਂ ਆਏ ਸੱਜਣ-ਮਿੱਤਰ, ਸਨੇਹੀ ਤੇ ਰਿਸ਼ਤੇਦਾਰ ਜੱਗੀ ਦੀ ਸਿਫਤ-ਸਲਾਹ ਕਰਨ ਵਿੱਚ ਕਸਰ ਨਹੀਂ ਸਨ ਛੱਡ ਰਹੇ। ਉਹ ਵਾਰ-ਵਾਰ ਇਹੀ ਆਖ ਰਹੇ ਸਨ, "ਭਾਅ ਜੀ, ਨਜ਼ਾਰਾ ਆ ਗਿਐ ਕੜਾਕੇ ਦੀ ਠੰਢ ਵਿੱਚ ਗਰਮਾ-ਗਰਮ ਕੇਸਰ ਵਾਲੇ ਦੁੱਧ ਨਾਲ ਪਿੰਨੀਆਂ ਖਾਸ ਕੇ। ਸੱਚੇ ਪਾਤਸ਼ਾਹ ਤੁਹਾਥੋਂ ਇੰਝ ਹੀ ਸੇਵਾ ਲੈਂਦੇ ਰਹਿਣ ਅਤੇ ਤੁਸੀਂ ਗੁਰੂਘਰ ਦੀਆਂ ਅਸੀਮ ਖੁਸ਼ੀਆਂ ਤੇ ਅਸੀਸਾਂ ਪ੍ਰਾਪਤ ਕਰਦੇ ਰਹੋ।" ਜੱਗੀ ਸਾਬ੍ਹ ਤੇ ਉਨ੍ਹਾਂ ਦੀ ਪਤਨੀ ਹਰੇਕ ਨਾਲ ਜਾ ਕੇ ਯਾਦਗਾਰੀ ਫੋਟੋ ਖਿਚਵਾਉਣੇ ਦਾ ਮੌਕਾ ਖੁੰਝਣ ਨਹੀਂ ਸਨ ਦੇ ਰਹੇ। ਜੱਗੀ ਜੀ ਆਪਣੀ ਹੋ ਰਹੀ ਉਸਤਤ ਸੁਣ ਕੇ ਫੁੱਲੇ ਨਾ ਸਮਾਏ ਤੇ ਅੱਗੋਂ ਹੋਰ ਫੂਕ ਛਕਦਿਆਂ ਬੋਲੇ, "ਪ੍ਰਵਾਹ ਨਾ ਕਰੋ ਕੋਰੋਨੇ-ਸ਼ਰੋਨੇ ਦੀ, ਮਹਾਰਾਜ ਸੁੱਖ ਰੱਖੇ ਤਾਂ ਅਗਲੀ ਪ੍ਰਭਾਤ ਫੇਰੀ ਉੱਤੇ ਤੁਹਾਨੂੰ ਦੀਪੇ ਦੇ ਲਜ਼ੀਜ਼ ਅੰਬਰਸਰੀ ਕੁਲਚੇ ਤੇ ਛੋਲਿਆਂ ਦਾ ਲੰਗਰ ਛਕਾਵਾਂਗੇ। ਉਸ ਤੋਂ ਅਗਲੀ ਪ੍ਰਭਾਤ ਫੇਰੀ ਉੱਤੇ ਤੁਹਾਡੀ ਸੇਵਾ ਵਿੱਚ ਕੂਕੀ ਦੇ ਸਪੈਸ਼ਲ ਪਨੀਰ ਵਾਲੇ ਛੋਲੇ ਭਟੂਰਿਆਂ ਦਾ ਅਤੁੱਟ ਲੰਗਰ ਲਾਵਾਂਗੇ। ਮੈਂ ਤਾਂ ਇਸ ਵਾਰ ਵੀ ਪਹਿਲੀ ਪਾਤਸ਼ਾਹੀ ਦੇ ਗੁਰਪੁਰਬ ਉੱਤੇ ਦੇਸੀ ਘਿਓ ਦੀਆਂ ਜਲੇਬੀਆਂ ਦਾ ਗੁਰਦੁਆਰੇ ਵਿੱਚ ਲੰਗਰ ਲਾਉਣ ਦੀ ਸੇਵਾ ਪ੍ਰਧਾਨ ਜੀ ਪਾਸੋਂ ਉਚੇਚੇ ਤੌਰ ਉੱਤੇ ਬੇਨਤੀ ਕਰ ਕੇ ਲਈ ਸੀ ਤੇ ਸੰਗਤ ਨੂੰ ਹਾਲੇ ਤੱਕ ਨਹੀਂ ਭੁੱਲਿਆ ਸੁਆਦ ਉਨ੍ਹਾਂ ਜਲੇਬੀਆਂ ਦਾ।"

ਜੱਗੀ ਭਾਅ ਜੀ ਦੀਆਂ ਸ਼ੇਖ਼ੀ ਦੀਆਂ ਗੱਲਾਂ ਸੁਣ ਕੇ ਇੱਕ ਵਾਰ ਮੈਨੂੰ ਭਰਮ-ਭੁਲੇਖਾ ਜਿਹਾ ਪਿਆ ਕਿ ਉਹ ਇੱਕ ਨਾਮਵਰ ਸਰਕਾਰੀ ਠੇਕੇਦਾਰ ਹੋਣ ਦੇ ਨਾਲ ਵਿਆਹ-ਸ਼ਾਦੀਆਂ ਉੱਤੇ ਕੈਟਰਿੰਗ ਦਾ ਕੰਮ ਵੀ ਜ਼ਰੂਰ ਕਰਦਾ ਹੋਵੇਗਾ। ਮੈਂ ਪਾਸੇ ਖੜ੍ਹਾ ਇਹ ਸੋਚ ਰਿਹਾ ਸੀ ਕਿ ਸ਼ਰਧਾ ਅਤੇ ਸੇਵਾ ਉਪਰ ਭਾਰੂ ਪਿਆ ਹੋਇਆ ਪਰਪੰਚ ਕਦੋਂ ਖਤਮ ਹੋਵੇਗਾ?

# ਮਹਾਂਮਾਰੀ ਅਤੇ ਪੜ੍ਹਾਈ

ਸੋਮਵਾਰ ਨੂੰ ਦੇਸ਼ ਦੇ ਕਈ ਰਾਜਾਂ ਵਿੱਚ ਸਕੂਲ ਅਤੇ ਕਾਲਜ ਖੁੱਲ੍ਹ ਗਏ, ਪੁਰਾਣੀ ਚਮਕ ਉਨ੍ਹਾਂ ਦੇ ਕੈਂਪਸਾਂ ਵਿੱਚ ਵਾਪਸ ਆ ਗਈ। ਮੋਢਿਆਂ 'ਤੇ ਬੈਗ ਲੈ ਕੇ ਸਕੂਲ ਜਾਂਦੇ ਛੋਟੇ ਬੱਚਿਆਂ ਨੂੰ ਦੇਖਣਾ ਹਮੇਸ਼ਾ ਖੁਸ਼ਨੁਮਾ ਹੁੰਦਾ ਹੈ। ਕਈ ਰਾਜਾਂ ਵਿੱਚ ਇਹ ਨਜ਼ਾਰਾ ਸੋਮਵਾਰ ਤੋਂ ਹੀ ਦਿਸਣਾ ਸ਼ੁਰੂ ਹੋ ਗਿਆ ਸੀ ਅਤੇ ਕੁਝ ਰਾਜਾਂ ਵਿੱਚ ਇਸ ਲਈ ਅਗਲੇ ਸੋਮਵਾਰ ਤੱਕ ਇੰਤਜ਼ਾਰ ਕਰਨਾ ਪਵੇਗਾ। ਦੇਸ਼ ਦੇ ਜ਼ਿਆਦਾਤਰ ਸੂਬਿਆਂ 'ਚ ਸੋਮਵਾਰ ਤੋਂ ਨੌਵੀਂ ਜਮਾਤ ਤੋਂ ਉਪਰ ਦੀਆਂ ਸਾਰੀਆਂ ਜਮਾਤਾਂ ਦੀ ਪੜ੍ਹਾਈ ਸ਼ੁਰੂ ਹੋ ਗਈ ਹੈ, ਜਦਕਿ ਕੁਝ ਸੂਬਿਆਂ 'ਚ ਉਲਟਾ ਤਰੀਕਾ ਅਪਣਾਇਆ ਗਿਆ ਹੈ। ਉੱਥੇ ਪਹਿਲਾਂ ਛੋਟੇ ਬੱਚਿਆਂ ਲਈ ਸਕੂਲ ਖੋਲ੍ਹੇ ਗਏ ਹਨ। ਇਹ ਚੰਗੀ ਗੱਲ ਹੈ ਕਿ ਦੇਸ਼ ਦੇ ਲਗਭਗ ਸਾਰੇ ਰਾਜਾਂ ਨੇ ਮਹਾਂਮਾਰੀ ਦੌਰਾਨ ਸਿੱਖਿਆ ਪ੍ਰਣਾਲੀ ਨੂੰ ਆਮ ਬਣਾਉਣ ਲਈ ਮਿਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਸਮੇਂ ਜਦੋਂ ਰੋਜ਼ਾਨਾ ਨਵੇਂ ਸੰਕਰਮਣ ਦੀ ਗਿਣਤੀ ਅਤੇ ਸੰਕਰਮਣ ਦੀ ਦਰ ਦੋਵੇਂ ਹੇਠਾਂ ਆ ਰਹੇ ਹਨ, ਤਾਂ ਅਜਿਹਾ ਫੈਸਲਾ ਕੁਦਰਤੀ ਸੀ।

ਪਿਛਲੇ ਦੋ ਸਾਲਾਂ ਵਿੱਚ, ਪੂਰੀ ਦੁਨੀਆ ਵਿੱਚ ਇਸ ਗੱਲ ਨੂੰ ਲੈ ਕੇ ਬਹੁਤ ਭੰਬਲਭੂਸਾ ਪੈਦਾ ਹੋ ਗਿਆ ਹੈ ਕਿ ਮਹਾਂਮਾਰੀ ਦੇ ਖ਼ਤਰੇ ਦੇ ਮੱਦੇਨਜ਼ਰ ਸਕੂਲ ਖੋਲ੍ਹੇ ਜਾਣ ਜਾਂ ਨਹੀਂ। ਅਮਰੀਕਾ ਆਦਿ ਵਿੱਚ ਮਹਾਂਮਾਰੀ ਦੀ ਪਹਿਲੀ ਲਹਿਰ ਤੋਂ ਬਾਅਦ ਹੀ ਸਕੂਲ ਖੋਲ੍ਹਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਪਰ ਫਿਰ ਨਤੀਜੇ ਚੰਗੇ ਨਹੀਂ ਸਨ। ਉਦੋਂ ਹੀ ਇਹ ਸਮਝਿਆ ਗਿਆ ਸੀ ਕਿ ਕੋਰੋਨਾ ਵਾਇਰਸ ਬੱਚਿਆਂ ਨੂੰ ਆਪਣਾ ਸ਼ਿਕਾਰ ਨਹੀਂ ਬਣਾ ਸਕਦਾ, ਪਰ ਜੇਕਰ ਕੁਝ ਬੱਚੇ ਇਸ ਵਾਇਰਸ ਨਾਲ ਘਰ ਪਹੁੰਚ ਜਾਂਦੇ ਹਨ ਤਾਂ ਵੱਡਿਆਂ ਅਤੇ ਬਜ਼ੁਰਗਾਂ ਨੂੰ ਇਸ ਦਾ ਖਤਰਾ ਹੋ ਸਕਦਾ ਹੈ। ਇਸ ਦੋ ਸਾਲਾਂ ਵਿੱਚ ਪੂਰੀ ਦੁਨੀਆ ਨੇ ਸਕੂਲਾਂ ਦੇ ਦਰਵਾਜ਼ੇ ਬੰਦ ਕਰਕੇ ਆਨਲਾਈਨ ਸਿੱਖਿਆ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਨੂੰ ਸਮਝ ਲਿਆ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਇਸ ਮਾਧਿਅਮ ਰਾਹੀਂ ਬੱਚਿਆਂ ਨੂੰ ਪੜ੍ਹਾਇਆ ਜਾ ਸਕਦਾ ਹੈ, ਪਰ ਉਨ੍ਹਾਂ ਦਾ ਸੰਪੂਰਨ ਮਾਨਸਿਕ ਵਿਕਾਸ ਨਹੀਂ ਹੋ ਸਕਦਾ। ਔਨਲਾਈਨ ਸਿੱਖਿਆ ਹਾਣੀਆਂ ਦਾ ਬਦਲ ਪ੍ਰਦਾਨ ਨਹੀਂ ਕਰ



ਸਕਦੀ। ਜਦੋਂ ਬੱਚੇ ਸਕੂਲਾਂ ਵਿੱਚ ਇੱਕ ਦੂਜੇ ਨੂੰ ਮਿਲਦੇ ਹਨ, ਤਾਂ ਉਹ ਸਮਾਜਿਕ ਪਰਸਪਰ ਪ੍ਰਭਾਵ ਦੀ ਮਹੱਤਤਾ ਵੀ ਸਿੱਖਦੇ ਹਨ। ਇਸ ਸਮੇਂ ਜਦੋਂ ਵੱਡੀ ਗਿਣਤੀ ਵਿੱਚ ਲੋਕਾਂ ਦਾ ਟੀਕਾਕਰਨ ਹੋ ਚੁੱਕਾ ਹੈ ਅਤੇ ਦੇਸ਼ ਦੀਆਂ ਸਾਰੀਆਂ ਗਤੀਵਿਧੀਆਂ ਆਮ ਵਾਂਗ ਚੱਲਣ ਲੱਗੀਆਂ ਹਨ; ਬਾਜ਼ਾਰ ਖੁੱਲ੍ਹ ਗਏ ਹਨ ਅਤੇ ਚੋਣਾਂ ਵੀ ਹੋ ਰਹੀਆਂ ਹਨ, ਫਿਰ ਇਹ ਚੰਗੀ ਤਰ੍ਹਾਂ ਸਮਝਿਆ ਜਾਂਦਾ ਹੈ ਕਿ ਮੁਕੰਮਲ ਬੰਦ ਹੋਣ ਨਾਲ ਨੁਕਸਾਨ ਹੋ ਸਕਦਾ ਹੈ, ਪਰ ਕੋਈ ਵੱਡਾ ਲਾਭ ਨਹੀਂ ਹੁੰਦਾ। ਅਜਿਹੇ ਵਿੱਚ ਸਿਰਫ਼ ਵਿੱਦਿਅਕ ਅਦਾਰੇ ਬੰਦ ਰੱਖਣ ਦਾ ਕੋਈ ਮਤਲਬ ਨਹੀਂ ਹੈ।

ਅਜੋਕੇ ਸਮੇਂ ਵਿੱਚ ਜੋ ਵੀ ਗਤੀਵਿਧੀ ਆਮ ਹੋ ਗਈ ਹੈ, ਉਸ ਵਿੱਚ ਹਰ ਕਿਸੇ ਨੂੰ ਬਹੁਤ ਧਿਆਨ ਦੇਣ ਦੀ ਤਾਕੀਦ ਕੀਤੀ ਗਈ ਹੈ। ਮਾਸਕ, ਸਮਾਜਿਕ ਦੂਰੀ ਅਤੇ ਸੈਨੀਟਾਈਜ਼ੇਸ਼ਨ ਨੂੰ ਹਰ ਥਾਂ ਅਪਣ-ਾਇਆ ਜਾਣਾ ਚਾਹੀਦਾ ਹੈ। ਪਰ ਸੱਚਾਈ ਇਹ ਹੈ ਕਿ ਜ਼ਿਆਦਾਤਰ ਥਾਵਾਂ 'ਤੇ ਲੋਕ ਇਸ ਦਾ ਪਾਲਣ ਨਹੀਂ ਕਰ ਰਹੇ ਹਨ। ਜੇਕਰ ਉਪਰਾਲੇ ਕੀਤੇ ਜਾਣ ਤਾਂ ਸਾਡੇ ਸਕੂਲ ਇਸ ਨੂੰ ਚੰਗੀ ਤਰ੍ਹਾਂ ਸ਼ੁਰੂ ਕਰ ਸਕਦੇ ਹਨ। ਜੇਕਰ ਸਕੂਲਾਂ ਨੂੰ ਮਹਾਂਮਾਰੀ ਨਾਲ ਲੜਨ ਲਈ ਸਕੂਲ ਬਣਾਇਆ ਜਾਵੇ ਤਾਂ ਇਸ ਦਾ ਅਸਰ ਸਮੁੱਚੇ ਸਮਾਜ 'ਤੇ ਦੇਖਿਆ ਜਾ ਸਕਦਾ ਹੈ। ਦੇਸ਼ ਭਰ ਦੇ ਕਿਸ਼ੋਰ ਬੱਚਿਆਂ ਨੂੰ ਵੈਕਸੀਨ ਲਗਵਾਉਣੀ ਸ਼ੁਰੂ ਹੋ ਗਈ ਹੈ। ਇਹ ਕੰਮ ਸਕੂਲਾਂ ਵਿੱਚ ਉਸੇ ਤਰ੍ਹਾਂ ਕੀਤਾ ਜਾ ਸਕਦਾ ਹੈ ਜਿਵੇਂ ਕਿ ਪਹਿਲਾਂ ਹੈਜ਼ਾ ਅਤੇ ਚੇਚਕ ਦੇ ਮਾਮਲੇ ਵਿੱਚ ਕੀਤਾ ਜਾਂਦਾ ਸੀ। ਇਹ ਵੀ ਜ਼ਰੂਰੀ ਹੈ ਕਿ ਮਹਾਂਮਾਰੀ ਨਾਲ ਲੜਨ ਨੂੰ ਛੋਟੇ ਬੱਚਿਆਂ ਦੇ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ। ਮੌਜੂਦਾ ਸਮੇਂ ਵਿੱਚ ਇਤਿਹਾਸ ਦੇ ਵਿਸ਼ੇ ਵਿੱਚ ਵੀ ਉਨ੍ਹਾਂ ਬਾਰੇ ਪੜ੍ਹਾਇਆ ਨਹੀਂ ਜਾਂਦਾ।

*-ਵਿਜੈ ਗਰਗ*
*ਸੇਵਾਮੁਕਤ ਪ੍ਰਿੰਸੀਪਲ*
*ਮਲੋਟ।*



## ਤੇਜ਼ ਰਫ਼ਤਾਰ ਬੱਸ ਦੀ ਟੱਕਰ ਨਾਲ ਸਕੂਟਰੀ ਸਵਾਰ ਦੀ ਮੌਤ




ਜਲੰਧਰ ਛਾਉਣੀ, 9 ਫਰਵਰੀ (ਪੋਸਟ ਬਿਊਰੋ)- ਥਾਣਾ ਛਾਉਣੀ ਹੇਠਲੇ ਭੂਰ ਮੰਡੀ ਖੇਤਰ ਨੇੜੇ ਜਲੰਧਰ-ਫਗਵਾੜਾ ਹਾਈਵੇ ਉੱਤੇ ਕੱਲ੍ਹ ਸ਼ਾਮ ਇੱਕ ਤੇਜ਼ ਰਫ਼ਤਾਰ ਸਕੂਲੀ ਬੱਸ ਨੇ ਸਕੂਟਰੀ ਸਵਾਰ ਨੂੰ ਟੱਕਰ ਮਾਰ ਦਿੱਤੀ, ਜਿਸ ਦੌਰਾਨ ਸਕੂਟਰੀ ਸਵਾਰ ਵਿਅਕਤੀ ਦੀ ਮੌਕੇ ਉੱਤੇ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਮਨਮਿੰਦਰ ਸਿੰਘ ਭਾਟੀਆ (52) ਪੁੱਤਰ ਪ੍ਰੀਤਮ ਸਿੰਘ ਭਾਟੀਆ ਵਾਸੀ ਖੁਰਲਾ ਕਿੰਗਰਾ ਜਲੰਧਰ ਵਜੋਂ ਹੋਈ ਹੈ, ਜੋ ਕੱਲ੍ਹ ਸ਼ਾਮ ਆਪਣੀ ਸਕੂਟਰੀ ਰਾਹੀਂ ਪੀ ਏ ਪੀ ਚੌਂਕ ਤੋਂ ਰਾਮਾ ਮੰਡੀ ਵੱਲ ਨੂੰ ਜਾ ਰਿਹਾ ਸੀ ਕਿ ਇਸ ਦੌਰਾਨ ਪਿੱਛੋਂ ਆਈ ਸਕੂਲ ਦੀ ਤੇਜ਼ ਰਫ਼ਤਾਰ ਬੇਕਾਬੂ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਦੌਰਾਨ ਭਾਟੀਆ ਸੜਕ ਉੱਤੇ ਡਿੱਗ ਗਿਆ ਤੇ ਉਸ ਦੀ ਟਾਇਰ ਹੇਠਾਂ ਆਉਣ ਨਾਲ ਮੌਕੇ ਉੱਤੇ ਮੌਤ ਹੋ ਗਈ। ਘਟਨਾ ਸਥਾਨ ਨੇੜੇ ਖੜ੍ਹੇ ਪੁਲਸ ਵਾਲਿਆਂ ਨੇ ਲੋਕਾਂ ਦੀ ਮਦਦ ਨਾਲ ਬੱਸ ਚਾਲਕ ਨੂੰ ਬੱਸ ਸਣੇ ਕਾਬੂ ਕਰ ਲਿਆ। ਭਾਟੀਆ ਡਾ. ਲਾਲ ਪੈਥ ਲੈਬ ਵਿੱਚ ਫੀਲਡ ਦਾ ਕੰਮ ਕਰਦਾ ਸੀ ਤੇ ਉਹ ਲੈਬ ਦੇ ਕੰਮ ਸਬੰਧੀ ਰਾਮਾ ਮੰਡੀ ਨੂੰ ਜਾ ਰਿਹਾ ਸੀ। ਬੱਸ ਚਾਲਕ ਦੀ ਪਛਾਣ ਬਲਕਾਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਜਮਸ਼ੇਰ ਖੇੜਾ ਵਜੋਂ ਹੋਈ ਹੈ।

## ਮੁੱਖ ਮੰਤਰੀ ਚੰਨੀ ਵੱਲੋਂ ਕੈਪਟਨ ਅਮਰਿੰਦਰ ਦੇ ਗੜ੍ਹ ਵਿੱਚ ਰੈਲੀ

* ਬੈਰੀਕੇਡ ਟੱਪ ਕੇ ਭੀੜ ਵਿੱਚ ਵੜੇ, ਸਕਿਓਰਿਟੀ ਨੂੰ ਹੱਥਾਂ-ਪੈਰਾਂ ਦੀ ਪਈ

ਪਟਿਆਲਾ, 9 ਫਰਵਰੀ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਰਾਤ ਕਰੀਬ ਨੌਂ ਵਜੇ ਕੈਪਟਨ ਅਮਰਿੰਦਰ ਸਿੰਘ ਦੇ ਗੜ੍ਹ ਅੰਦਰ ਧੀਰੂ ਕੀ ਮਾਜਰੀ ਵਿੱਚ ਇੱਥੋਂ ਦੇ ਕਾਂਗਰਸੀ ਉਮੀਦਵਾਰ ਵਿਸ਼ਨੂੰ ਸ਼ਰਮਾ ਦੇ ਹੱਕ ਵਿੱਚ ਚੋਣ ਰੈਲੀ ਕੀਤੀ, ਜਿੱਥੇ ਮੁੱਖ ਮੰਤਰੀ ਸਕਿਓਰਿਟੀ ਨੂੰ ਲਾਂਭੇ ਛੱਡ ਕੇ ਉਹ ਬੈਰੀਕੇਡ ਟੱਪ ਕੇ ਇਕੱਠ ਵਿੱਚ ਜਾ ਵੜੇ। ਇਸ ਦੌਰਾਨ ਲੋਕਾਂ ਨੇ ਚਰਨਜੀਤ ਚੰਨੀ ਨੂੰ ਹੱਥਾਂ ਉੱਤੇ ਚੁੱਕ ਲਿਆ।

ਜਨਤਕ ਇਕੱਠ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਆਮ ਵਿਅਕਤੀ ਵਾਂਗ ਲੋਕਾਂ ਵਿੱਚ ਜਾਣ ਦੀ ਇਸ ਕਾਰਵਾਈ ਤੋਂ ਸਕਿਓਰਿਟੀ ਗਾਰਡ ਚਿੰਤਤ ਹੋ ਗਏ, ਪਰ ਫੋਰਸ ਨੂੰ ਸੰਬੋਧਨ ਕਰਦਿਆਂ ਚੰਨੀ ਨੇ ਕਿਹਾ, ‘‘ਕੋਈ ਗੱਲ ਨਹੀਂ, ਮੈਨੂੰ ਕੁਝ ਨਹੀਂ ਹੋਣ ਲੱਗਾ। ਇਹ ਸਾਰੇ ਲੋਕ ਮੇਰੇ ਭਰਾ ਹੀ ਹਨ ਤੇ ਮੈਂ ਆਮ ਵਿਅਕਤੀ ਹਾਂ, ਇਸ ਕਰ ਕੇ ਘਬਰਾਉਣ ਦੀ ਲੋੜ ਨਹੀਂ।’ ਫਿਰ ਵੀ ਸਕਿਓਰਿਟੀ ਵਾਲਿਆਂ ਦੇ ਸਾਹ ਫੁੱਲੇ ਰਹੇ।



ਕੈਪਟਨ ਅਮਰਿੰਦਰ ਸਿੰਘ ਦੇ ਮੋਤੀ ਮਹਿਲ ਦੇ ਨੇੜੇ ਧੀਰੂ ਕੀ ਮਾਜਰੀ ਵਜੋਂ ਪ੍ਰਸਿੱਧ ਇਸ ਖੇਤਰ ਵਿੱਚ ਵਧੇਰੇ ਕਰ ਕੇ ਦਲਿਤ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਹਜ਼ਾਰਾਂ ਵੋਟਰ ਹਨ। ਇੱਥੋਂ ਦੇ ਵਸਨੀਕਾਂ ਨੂੰ ਪਹਿਲਾਂ ਮੁੱਖ ਤੌਰ ਉੱਤੇ ਸ਼ਾਹੀ ਪਰਵਾਰ ਦੇ ਕੱਟੜ ਸਮਰਥਕ ਮੰਨਿਆ ਜਾਂਦਾ ਸੀ। ਪੂਰੀ ਸਥਿਤੀ ਤਾਂ ਨਤੀਜੇ ਤੋਂ ਹੀ ਸਪੱਸ਼ਟ ਹੋਵੇਗੀ, ਪਰ ਕੱਲ੍ਹ ਰਾਤ ਪਟਿਆਲਾ ਸ਼ਹਿਰੀ ਹਲਕੇ ਤੋਂ ਕਾਂਗਰਸ ਉਮੀਦਵਾਰ ਵਿਸ਼ਨੂੰ ਸ਼ਰਮਾ ਦੇ ਹੱਕ ਵਿੱਚ ਚੋਣ ਰੈਲੀ ਕਰਨ ਪੁੱਜੇ ਚੰਨੀ ਦਾ ਇਲਾਕਾ ਵਾਸੀਆਂ ਨੇ ਭਰਵਾਂ ਸਵਾਗਤ ਕੀਤਾ। ਚੰਨੀ ਨੂੰ ਆਪਣੇ ਵਿਚਾਲੇ ਦੇਖ ਕੇ ਲੋਕ ਖੁਸ਼ੀ ਵਿੱਚ ਕਿਲਕਾਰੀਆਂ ਮਾਰਨ ਲੱਗੇ। ਜਦੋਂ ਬੈਰੀਕੇਡ ਟੱਪ ਕੇਚੰਨੀ ਜਦੋਂ ਸਟੇਜ ਉੱਤੇ ਪੁੱਜੇ ਤਾਂ ਉਥੇ ਵੀ ਆਮ ਲੋਕਾਂ ਦੀ ਵਧੇਰੇ ਭੀੜ ਜੁੜੀ ਰਹੀ। ਚੰਨੀ ਨੂੰ ਇਲਾਕਾ ਵਾਸੀਆ ਨੇ ਸਨਮਾਨ ਵਜੋਂ ਲੋਈ ਦਿੱਤੀ, ਜਿਹੜੀ ਉਨ੍ਹਾਂ ਨੇ ਨੇੜੇ ਸਟੇਜ ਉੱਤੇ ਆ ਚੜ੍ਹੀ ਇੱਕ ਮਹਿਲਾ ਦੇ ਗਲ਼ ਪਾ ਦਿੱਤੀ। ਇਸੇ ਤਰ੍ਹਾਂ ਸਨਮਾਨ ਵਿੱਚ ਮਿਲੀ ਕਿਰਪਾਨ ਵੀ ਉਨ੍ਹਾਂ ਨੇ ਉਥੇ ਮੌਜੂਦ ਇੱਕ ਵਸਨੀਕ ਨੂੰ ਦੇ ਦਿੱਤੀ। ਸਟੇਜ ਤੋਂ ਬੋਲਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਨੇ ਕਿਹਾ, ‘‘ਤੁਸਾਂ ਕਦੇ ਕੈਪਟਨ ਨੂੰ ਹੱਥ ਲਾ ਕੇ ਨਹੀਂ ਦੇਖਿਆ ਹੋਣਾ, ਪਰ ਮੈਨੂੰ ਤੁਸੀਂ ਜੱਫੀਆਂ ਪਾਉਂਦਿਆਂ ਕਲਾਵੇ ਵਿੱਚ ਲੈ ਲਿਆ।'' ਉਨ੍ਹਾਂ ਕਿਹਾ, ‘‘ਚਾਹੀਦਾ ਇਹ ਹੈ ਕਿ ਤੁਸੀਂ ਪੱਕੇ ਤੌਰ ਉੱਤੇ ਕਲਾਵੇ ਵਿੱਚ ਲੈਂਦਿਆਂ ਇੱਕ ਵਾਰ ਫੇਰ ਮੁੱਖ ਮੰਤਰੀ ਦੀ ਕੁਰਸੀ ਬਖਸ਼ੋ, ਜਿਸ ਲਈ ਪਟਿਆਲਾ ਤੋਂ ਕਾਂਗਰਸੀ ਉਮੀਦਵਾਰ ਵਿਸ਼ਨੂੰ ਸ਼ਰਮਾ ਨੂੰ ਜਿਤਾਉਣਾ ਜ਼ਰੂਰੀ ਹੈ।'' ਇਸੇ ਦੌਰਾਨ ਰੈਲੀ ਦੀ ਸਮਾਪਤੀ ਉੱਤੇ ਚੰਨੀ ਦਸ ਫੁੱਟ ਉਚੀ ਸਟੇਜ ਤੋਂ ਵੀ ਛਾਲ ਮਾਰ ਕੇ ਉਤਰੇ, ਜਦ ਕਿ ਹੋਰਨਾਂ ਆਗੂਆਂ ਨੂੰ ਉਤਰਨ ਉੱਤੇ ਟਾਈਮ ਲੱਗਾ ਕਿ ਕਿਉਂਕਿ ਸਟੇਜ ਵਾਲੀਆਂ ਪੌੜੀਆਂ ਵਿੱਚ ਲੋਕਾਂ ਦੀ ਭਾਰੀ ਭੀੜ ਸੀ।

## ਮੁਤਵਾਜ਼ੀ ਜਥੇਦਾਰਾਂ ਨੇ ਰੰਧਾਵਾ, ਬਾਜਵਾ ਤੇ ਤਿੰਨ ਕਾਂਗਰਸੀ ਵਿਧਾਇਕ ਤਨਖਾਹੀਏ ਕਰਾਰ ਦਿੱਤੇ

ਅੰਮ੍ਰਿਤਸਰ, 9 ਫਰਵਰੀ (ਪੋਸਟ ਬਿਊਰੋ)- ਸਾਲ 2015 ਵਿੱਚ ਹੋਏ ਸਰਬੱਤ ਖਾਲਸਾ ਦੌਰਾਨ ਬਣਾਏ ਗਏ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਬੇਅਦਬੀ ਕੇਸਾਂ ਵਿੱਚ ਕਾਂਗਰਸ ਸਰਕਾਰ ਵੱਲੋਂ ਦੋਸ਼ੀਆਂ ਖਿਲਾਫ ਕਾਰਵਾਈ ਨਾ ਕੀਤੇ ਜਾਣ ਅਤੇ ਇਸ ਬਾਰੇ ਵਾਅਦਾਖਿਲਾਫੀ ਦੇ ਦੋਸ਼ ਹੇਠ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਅਤੇ ਤਿੰਨ ਵਿਧਾਇਕਾਂ ਹਰਮਿੰਦਰ ਸਿੰਘ ਗਿੱਲ, ਕੁਲਬੀਰ ਸਿੰਘ ਜ਼ੀਰਾ ਅਤੇ ਕੁਸ਼ਲਦੀਪ ਸਿੰਘ ਕਿੱਕੀ ਢਿੱਲੋਂ ਨੂੰ ਤਨਖਾਹੀਆਂ ਕਰਾਰ ਦੇ ਦਿੱਤਾ ਹੈ।

ਇਸ ਮੌਕੇ ਭਾਈ ਧਿਆਨ ਸਿੰਘ ਮੰਡ ਨੇ ਸੰਗਤ ਨੂੰ ਕਿਹਾ ਕਿ ਜਦੋਂ ਤਕ ਇਹ ਸਾਰੇ ਅਕਾਲ ਤਖਤ ਉੱਤੇ ਪੇਸ਼ ਹੋ ਕੇ ਪੰਥਕ ਰਵਾਇਤ ਅਨੁਸਾਰ ਤਨਖਾਹ ਨਾ ਲਵਾਉਣ, ਉਦੋਂ ਤਕ ਇਨ੍ਹਾਂ ਨੂੰ ਕਿਸੇ ਗੁਰਦੁਆਰੇ ਜਾਂ ਸੰਗਤ ਦੇ ਇਕੱਠ ਵਿੱਚ ਬੋਲਣ ਨਾ ਦਿੱਤਾ ਜਾਵੇ, ਨਾ ਕੋਈ ਸਹਿਯੋਗ ਦਿੱਤਾ ਜਾਵੇ ਅਤੇ ਨਾ ਕੋਈ ਮਾਣ ਸਨਮਾਨ ਕੀਤਾ ਜਾਵੇ। ਇਸ ਤੋਂ ਪਹਿਲਾਂ ਮੁਤਵਾਜ਼ੀ ਜਥੇਦਾਰ ਨੇ ਇਸੇ ਕੇਸ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਕੱਲ੍ਹ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਦੇ ਬਾਹਰ ਜਥੇਦਾਰ ਮੰਡ ਨੇ ਉਕਤ ਪੰਜ ਕਾਂਗਰਸੀ ਆਗੂਆਂ ਦੇ ਖਿਲਾਫ ਇਹ ਹੁਕਮ ਜਾਰੀ ਕੀਤਾ ਅਤੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਇਨਸਾਫ ਲਈ ਲਾਏ ਗਏ ਬਰਗਾੜੀ ਮੋਰਚੇ ਨੂੰ ਪੰਜਾਬ ਸਰਕਾਰ ਨੇ ਨਿਆਂ ਦੇਣ ਦਾ ਝੂਠਾ ਭਰੋਸਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇਂ ਮੰਤਰੀਆਂ ਤੇ ਤਿੰਨੇ ਵਿਧਾਇਕਾਂ, ਜੋ ਉਸ ਵੇਲੇ ਸਰਕਾਰ ਦੇ ਏਲਚੀ ਬਣ ਕੇ ਮੋਰਚਾ ਖਤਮ ਕਰਾਉਣ ਆਏ ਸਨ, ਨੇ ਇਸ ਮਾਮਲੇ ਵਿੱਚ ਸਾਰਾ ਦੋਸ਼ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਮੜ੍ਹ ਦਿੱਤਾ ਸੀ।



## ਰਾਮ ਰਹੀਮ ਦੀ ਪੈਰੋਲ ’ਤੇ ਇਤਰਾਜ਼ ਬਾਰੇ ਜਾਖੜ ਦਾ ਸ਼੍ਰੋਮਣੀ ਕਮੇਟੀ ਨੂੰ ਮੋੜਵਾਂ ਸਵਾਲ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਨੂੰ ਸੁਨਾਰੀਆ ਜੇਲ੍ਹ ਵਿੱਚੋਂ ਬਾਹਰ ਲਿਆਉਣ ਦੀ ਪੈਰੋਲ ਦੇਣ ਦੇ ਹਰਿਆਣਾ ਸਰਕਾਰ ਦੇ ਫ਼ੈਸਲੇ ਉਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਪ੍ਰਤੀਕਰਮ ਦਿੱਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੋਣਾਂ ਤੋਂ ਪਹਿਲਾਂ ਡੇਰਾ ਮੁਖੀ ਨੂੰ ਪੈਰੋਲ ਮਿਲਣ ਉੱਤੇ ਉਠਾਏ ਸਵਾਲ ਉੱਤੇ ਪਲਟਵਾਰ ਕੀਤਾ ਹੈ।

ਸੁਨੀਲ ਜਾਖੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅੱਜ ਸਵਾਲ ਉਠਾ ਰਹੀ ਹੈ ਪਰ ਜਦ ਪੰਜਾਬ ਵਿੱਚ ਅਕਾਲੀ ਦਲ ਦੀ ਬਾਦਲ ਸਰਕਾਰ ਸੀ, ਉਦੋਂ ਇਸ ਡੇਰੇ ਦੇ ਮਾਮਲੇ ਵਿੱਚ ਜੋ ਕੁਝ ਹੁੰਦਾ ਰਿਹਾ ਸੀ, ਉਸ ਬਾਰੇ ਕਿਉਂ ਨਹੀਂ ਬੋਲੀ?ਜਾਖੜ ਨੇ ਟਵੀਟ ਕਰ ਕੇ ਲਿਖਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਵਰਗਾ ਪਹਿਰਾਵਾ ਪਾ ਕੇ 2012 ਵਿੱਚ ਡੇਰਾ ਮੁਖੀ ਨੇ ਸਾਂਗ ਰਚਿਆ ਸੀ ਅਤੇ ਓਦੋਂ ਵੀ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਬਾਦਲ ਸਰਕਾਰ ਨੇ ਇਸ ਬਾਰੇ ਦਰਜ ਕੇਸ ਰੱਦ ਕਰਨ ਲਈ ਅਦਾਲਤ ਵਿੱਚ ਰਿਪੋਰਟ ਪੇਸ਼ ਕਰ ਕੇ ਇਸੇ ਡੇਰਾ ਮੁਖੀ ਨੂੰ ਕਾਨੂੰਨ ਤੋਂ ਬਚਾਇਆ ਸੀ ਤਾਂ ਸ਼੍ਰੋਮਣੀ ਕਮੇਟੀ ਉਸ ਵੇਲੇ ਪੰਥਕ ਸਰਕਾਰ ਵਿਰੁੱਧ ਕਿਉਂ ਖਾਮੋਸ਼ ਰਹੀ ਸੀ?


Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


## ਸੰਯੁਕਤ ਸਮਾਜ ਮੋਰਚੇ ਨੇ ਕਿਸਾਨਾਂ ਦੀ ਆਮਦਨ 25 ਹਜ਼ਾਰ ਮਾਸਿਕ ਕਰਨ ਦਾ ਵਾਅਦਾ ਕੀਤਾ

ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਮੈਦਾਨ ਵਿੱਚ ਨਿਤਰੇ ਸੰਯੁਕਤ ਸਮਾਜ ਮੋਰਚਾ ਨੇ ਕੱਲ੍ਹ ਇੱਥੇ ‘ਇਕਰਾਰਨਾਮਾ' ਦੇ ਨਾਮ ਹੇਠ ਪਾਰਟੀ ਦਾ ਚੋਣ ਮਨੋਰਥ ਪੱਤਰ ਜਾਰੀ ਕੀਤਾ ਹੈ। ਮੋਰਚੇ ਦੇ ਆਗੂਆਂ ਬਲਬੀਰ ਸਿੰਘ ਰਾਜੇਵਾਲ, ਪ੍ਰੋਫੈਸਰ ਮਨਜੀਤ ਸਿੰਘ ਅਤੇ ਸਾਬਕਾ ਆਈ ਏ ਐਸ ਅਧਿਕਾਰੀ ਐਸ ਐਸ ਬੋਪਾਰਾਏ ਨੇ ‘ਇਕਰਾਰਨਾਮਾ' ਜਾਰੀ ਕਰਦਿਆਂ ਪੰਜਾਬੀਆਂ ਨਾਲ ਵਾਅਦਾ ਕੀਤਾ ਕਿ ਰਵਾਇਤੀ ਪਾਰਟੀਆਂ ਵੱਲੋਂ ਪੰਜਾਬ ਦੀ ਕੀਤੀ ਤਬਾਹੀ ਦਾ ਨਾ ਸਿਰਫ ਹਿਸਾਬ ਲਿਆ ਜਾਵੇਗਾ, ਸਗੋਂ ਤਬਾਹੀ ਕੰਢੇ ਪੁੱਜੇ ਪੰਜਾਬ ਦੀ ਮੁੜ ਸੁਰਜੀਤੀ ਲਈ ਵੱਡੇ ਫੈਸਲੇ ਵੀ ਲਏ ਜਾਣਗੇ। ਅਸਲ ਵਿੱਚ ਇਹ ਚੋਣ ਦਸਤਾਵੇਜ਼ ਮੁੱਖ ਤੌਰ ਉੱਤੇ ਕਿਸਾਨੀ ਨੂੰ ਸੰਬੋਧਤ ਹੈ। ਉਨ੍ਹਾਂ ਨੇ ਕਿਸਾਨਾਂ ਦੀਆਂ ਸਭ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਤੇ ਸੂਬੇ ਦੇ ਵਿਕਾਸ ਅਤੇ ਨਵੇਂ ਰੁਜ਼ਗਾਰਾਂ ਉੱਤੇ ਧਿਆਨ ਦੇਣ ਦਾ ਵਾਅਦਾ ਕੀਤਾ ਹੈ। ਇਸ ਮਨੋਰਥ ਪੱਤਰ ਵਿੱਚ ਲੋਕ ਲੁਭਾਊ ਚੀਜ਼ਾਂ ਦੇ ਦਾਅਵੇ ਕਰਨ ਤੋਂ ਗੁਰੇਜ਼ ਕਰ ਕੇ ਰਾਜੇਵਾਲ ਨੇ ਕਿਹਾ ਕਿ ਪੰਜਾਬੀਆਂ ਦੀ ਭਲਾਈ, ਬੇਰੁਜ਼ਗਾਰੀ ਤੇ ਲੋਕਾਂ ਨੂੰ ਦਰਪੇਸ਼ ਹੋਰ ਗੰਭੀਰ ਸਮੱਸਿਆਵਾਂ ਦਾ ਹੱਲ ਰਵਾਇਤੀ ਪਾਰਟੀਆਂ ਦੇ ਏਜੰਡੇ ਵਿੱਚ ਸ਼ਾਮਲ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀਆਂ ਨੇ ਪ੍ਰਤੀ ਵਿਅਕਤੀ ਆਮਦਨ ਦੇ ਪੈਮਾਨੇ ਵਿੱਚ ਪੰਜਾਬ ਨੂੰ ਅੱਵਲ ਨੰਬਰ ਤੋਂ 16ਵੇਂ ਨੰਬਰ ਉਤੇ ਧੱਕ ਦਿੱਤਾ ਹੈ। ਉਹ ਹਰ ਕਿਸਾਨ ਪਰਵਾਰ ਲਈ ਪ੍ਰਤੀ ਮਹੀਨਾ 25 ਹਜ਼ਾਰ ਰੁਪਏ ਦੀ ਆਮਦਨ ਨੂੰ ਯਕੀਨੀ ਬਣਾਉਣ ਦਾ ਯਤਨ ਕਰਨਗੇ। ਕਿਸਾਨਾਂ ਦੀ ਆਰਥਿਕ ਬਿਹਤਰੀ ਦੇ ਉਪਾਅ ਲਈ ‘ਕਿਸਾਨ ਬਚਾਓ ਕਮਿਸ਼ਨ' ਦਾ ਗਠਨ ਕੀਤਾ ਜਾਵੇਗਾ।

ਸੰਯੁਕਤ ਸਮਾਜ ਪਾਰਟੀ ਦੇ ਇਕਰਾਰਨਾਮੇ ਹੇਠ ਖੇਤੀ ਨੂੰ ਲਾਹੇਵੰਦ ਧੰਦਾ ਅਤੇ ਸਾਰੀਆਂ ਫਸਲਾਂ, ਫਲਾਂ ਤੇ ਸਬਜ਼ੀਆਂ ਲਈ ਘੱਟੋ-ਘੱਟ ਸਮਰਥਨ ਮੁੱਲ ਯਕੀਨੀ ਬਣਾਇਆ ਜਾਵੇਗਾ। ਇਸ ਵਿੱਚ ਸਰਕਾਰ ਦਖਲ ਦੇਵੇਗੀ ਅਤੇ ਐਮ ਐਸ ਪੀ ਤੋਂ ਘੱਟ ਮੁੱਲ ਉੱਤੇ ਖਰੀਦੀਆਂ ਫਸਲਾਂ ਦੀ ਭਰਪਾਈ ਸਰਕਾਰ ਕਰੇਗੀ। ਪਿੰਡਾਂ ਵਿੱਚ ਖੁਦ ਸਹਾਇਤਾ ਗਰੁੱਪਾਂ ਅਤੇ ਖੇਤੀ ਕੋਆਪਰੇਟਿਵ ਸੋਸਾਈਟੀਜ਼ ਨੂੰ ਉਤਸ਼ਾਹਤ ਕੀਤਾ ਜਾਵੇਗਾ, ਜਿਨ੍ਹਾ ਰਾਹੀਂ ਕਿਸਾਨਾਂ ਨੂੰ ਹਰ ਸਾਲ ਦੇ ਆਧਾਰ ਉੱਤੇ ਤਿੰਨ ਲੱਖ ਰੁਪਏ ਤਕ ਵਿਆਜ ਮੁਕਤ ਕਰਜ਼ਾ ਦਿੱਤਾ ਜਾਵੇਗਾ। ਸਸਤੀ ਬਿਜਲੀ ਦੀ ਖਰੀਦ ਅਤੇ ਵੰਡ ਕਰਨ ਤੇ ਖੇਤੀ ਖੇਤਰ ਨੂੰ ਮੁਫਤ ਬਿਜਲੀ ਸਪਲਾਈ ਲਈ ਸਟੇਟ ਪਾਵਰ ਰੈਗੂਲੇਟਰੀ ਕਮਿਸ਼ਨ ਬਣਾਇਆ ਜਾਵੇਗਾ। ਉਨ੍ਹਾਂ ਵਾਅਦਾ ਕੀਤਾ ਕਿ ਪੰਜਾਬ ਵਿੱਚ ਹਾਈਵੇਜ਼ ਨੂੰ ਟੋਲ ਫਰੀ ਬਣਾਇਆ ਜਾਵੇਗਾ। ਪੰਜਾਬੀ ਡਾਇਸਪੋਰਾ ਨੂੰ ਪੇਂਡੂ ਖੇਤਰਾਂ ਵਿੱਚ ਸਵੱਛਤਾ, ਸਿੱਖਿਆ ਤੇ ਸਿਹਤ ਸਹੂਲਤਾਂ ਉਸਾਰਨ ਲਈ ਆਪਣੇ ਜੱਦੀ ਪਿੰਡ ਗੋਦ ਲੈਣ ਲਈ ਜੋੜਿਆ ਜਾਵੇਗਾ। ਪੰਜਾਬ ਵਿਧਾਨ ਸਭਾ ਸਾਲ ਵਿੱਚ ਨੱਬੇ ਦਿਨ ਕੰਮ ਕਰੇਗੀ, ਜਿਸ ਵਿੱਚ 75 ਫੀਸਦੀ ਵਿਧਾਇਕਾਂ ਦੀ ਹਾਜ਼ਰੀ ਨੂੰ ਯਕੀਨੀ ਬਣਾਇਆ ਜਾਵੇਗਾ। ਸਿਆਸੀ ਆਗੂਆਂ ਅਤੇ ਨੌਕਰਸ਼ਾਹਾਂ ਵੱਲੋਂ ਰਿਸ਼ਵਤਖੋਰੀ ਰਾਹੀਂ ਇਕੱਠੇ ਕੀਤੇ ਗਏ ਕਰੋੜਾਂ ਅਰਬਾਂ ਰੁਪਏ ਅਤੇ ਹੋਰ ਵਸੀਲਿਆਂ ਦੀ ਜਾਂਚ ਲਈ ਹਿਸਾਬ ਕਿਤਾਬ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

## ਮੁਕਤਸਰ ਦੇ ਡੀ ਸੀ ਦਾ ਪੁੱਤਰ ਸਰਕਾਰੀ ਸਕੂਲ ਵਿੱਚ ਪੜ੍ਹੇਗਾ

ਸ੍ਰੀ ਮੁਕਤਸਰ ਸਾਹਿਬ, 9 ਫਰਵਰੀ (ਪੋਸਟ ਬਿਊਰੋ)- ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਨਵੀਂ ਪਿਰਤ ਪਾਉਂਦਿਆਂ ਆਪਣੇ ਪੰਜ ਸਾਲਾ ਪੁੱਤਰ ਪ੍ਰਿਥਮ ਸਿੰਘ ਸੂਦਨ ਨੂੰ ਸਰਕਾਰੀ ਸਕੂਲ ਚੱਕ ਬੀੜ ਵਿੱਚ ਪਹਿਲੀ ਕਲਾਸ ਵਿੱਚ ਦਾਖਲ ਕਰਵਾਇਆ ਹੈ।

ਇਸ ਬਾਰੇ ਜ਼ਿਲ੍ਹਾ ਸਿਖਿਆ ਅਫਸਰ (ਐਲੀਮੈਂਟਰੀ) ਪ੍ਰਭਜੋਤ ਕੌਰ ਨੇ ਦੱਸਿਆ ਕਿ ਵਿਭਾਗ ਵੱਲੋਂ ਚਲਾਈ ਜਾ ਰਹੀ ਦਾਖਲਾ ਮੁਹਿੰਮ ਤਹਿਤ ਹਰ ਵਰਗ ਦੇ ਪਰਵਾਰ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਦੇ ਉਦੇਸ਼ ਹਿੱਤ ਉਨ੍ਹਾਂ ਡਿਪਟੀ ਕਮਿਸ਼ਨਰ ਤਕ ਪਹੁੰਚ ਕੀਤੀ ਤਾਂ ਉਨ੍ਹਾਂ ਨੇ ਵੀ ਆਪਣੇ ਬੱਚੇ ਨੂੰ ਸਰਕਾਰੀ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਇਸ ਨਾਲ ਹੋਰ ਪਰਵਾਰਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਭਰਤੀ ਕਰਨ ਲਈ ਪ੍ਰੇਰਨ ਵਿੱਚ ਮਦਦ ਮਿਲੇਗੀ।ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਅੱਜਕੱਲ੍ਹ ਸਮਾਰਟ ਤਰੀਕੇ ਨਾਲ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਸਕੂਲਾਂ ਵਿੱਚ ਵਧੀਆ ਲਾਇਬਰੇਰੀ, ਲਿਸਨਿੰਗ ਲੈਬ, ਕੰਪਿਊਟਰ ਲੈਬ ਅਤੇ ਸਮਾਰਟ ਕਲਾਸ ਰੂਮ ਦੀ ਸਹੂਲਤ ਵੀ ਦਿੱਤੀ ਗਈ ਹੈ, ਜਿਹੜੀ ਪਹਿਲਾਂ ਨਹੀਂ ਸੀ ਹੁੰਦੀ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ.ਨਰਪਿੰਦਰ ਸਿੰਘ ਆਨਰੇਰੀ ਫੈਲੋਸ਼ਿਪ ਐਵਾਰਡ ਨਾਲ ਸਨਮਾਨਿਤ

ਅੰਮ੍ਰਿਤਸਰ, 9 ਫਰਵਰੀ (ਪੋਸਟ ਬਿਊਰੋ)- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫੂਡ ਸਾਇੰਸ ਐਂਡ ਟੈਕਨਾਲੋਜੀ ਦੇ ਪ੍ਰੋਫੈਸਰ ਡਾ. ਨਰਪਿੰਦਰ ਸਿੰਘ, ਪ੍ਰੋਫੈਸਰ ਦਾ 25ਵੀਂ ਪੰਜਾਬ ਸਾਇੰਸ ਕਾਂਗਰਸ ਦੇ ਸਨਮਾਨ ਸਮਾਰੋਹ ਵਿੱਚ ਆਨਰੇਰੀ ਫੈਲੋਸ਼ਿਪ ਐਵਾਰਡ ਨਾਲ ਸਨਮਾਨ ਕੀਤਾ ਗਿਆ। ਇਹ ਸਾਇੰਸ ਕਾਂਗਰਸ ਪੰਜਾਬ ਅਕੈਡਮੀ ਆਫ਼ ਸਾਇੰਸ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਈ ਗਈ।





ਪੰਜਾਬ ਅਕੈਡਮੀ ਆਫ਼ ਸਾਇੰਸ ਹਰ ਸਾਲ ਇਹ ਫੈਲੋਸ਼ਿਪ ਭਾਰਤ ਅਤੇ ਵਿਦੇਸ਼ਾਂ ਦੇ ਇੱਕ ਉੱਘੇ ਵਿਗਿਆਨੀ ਨੂੰ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੇ ਵਿਗਿਆਨਕ ਖੇਤਰਾਂ ਵਿੱਚ ਖੋਜ ਦੇ ਵਿਕਾਸ ਲਈ ਬਹੁਤ ਵੱਡਾ ਅਤੇ ਭਰਪੂਰ ਯੋਗਦਾਨ ਪਾਉਣ ਤੋਂ ਇਲਾਵਾ ਵਿਗਿਆਨ ਦੇ ਪ੍ਰਚਾਰ ਅਤੇ ਵਿਕਾਸ ਲਈ ਵੀ ਕੰਮ ਕੀਤਾ ਹੋਵੇ । ਡਾ. ਨਰਪਿੰਦਰ ਸਿੰਘ ਖੇਤੀਬਾੜੀ ਵਿਗਿਆਨ, ਖਾਸ ਕਰਕੇ ਭੋਜਨ ਵਿਗਿਆਨ ਅਤੇ ਤਕਨਾਲੋਜੀ ਵਿੱਚ ਆਪਣੀ ਖੋਜ ਲਈ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧ ਹਨ। ਉਨ੍ਹਾਂ ਨੂੰ ਬਹੁਤ ਸਾਰੇ ਰਾਸ਼ਟਰੀ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ ਜਿਵੇਂ ਕਿ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੁਆਰਾ ਰਫੀ ਅਹਿਮਦ ਕਿਦਵਈ ਅਵਾਰਡ ਅਤੇ ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੁਆਰਾ ਪ੍ਰਦਾਨ ਕੀਤੀ ਗਈ ਜੇਸੀ ਬੋਸ ਨੈਸ਼ਨਲ ਫੈਲੋਸ਼ਿਪ। ਉਹ ਸੀਰੀਅਲਜ਼ ਐਂਡ ਗ੍ਰੇਨ ਐਸੋਸੀਏਸ਼ਨ (ਸਾਬਕਾ ਐਸੋਸੀਏਸ਼ਨ ਆਫ਼ ਸੀਰੀਅਲ ਕੈਮਿਸਟ ਇੰਟਰਨੈਸ਼ਨਲ), ਨੈਸ਼ਨਲ ਅਕੈਡਮੀ ਆਫ਼ ਐਗਰੀਕਲਚਰਲ ਸਾਇੰਸਿਜ਼, ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼, ਇੰਡੀਆ, ਐਸੋਸੀਏਸ਼ਨ ਆਫ਼ ਫੂਡ ਸਾਇੰਟਿਸਟ ਅਤੇ ਟੈਕਨੋਲੋਜਿਸਟ ਇੰਡੀਆ ਦੇ ਵੀ ਫੈਲੋ ਹਨ। ਇਹ ਪੁਰਸਕਾਰ ਉਹਨਾਂ ਦੀ ਉਚ ਪਾਏ ਦੀ ਖੋਜ ਸਦਕਾ ਫੂਡ ਸਾਇੰਸ ਅਤੇ ਟੈਕਨਾਲੋਜੀ ਦੇ ਅਨੁਸ਼ਾਸਨ ਵਿੱਚ ਉਹਨਾਂ ਦੀ ਅਗਵਾਈ ਦੇ ਕਾਰਨ ਉਹਨਾਂ ਨੂੰ ਪ੍ਰਦਾਨ ਕੀਤੀ ਗਈ ਹੈ। ਉਹ 2016 ਵਿੱਚ ਐਸੋਸੀਏਸ਼ਨ ਆਫ ਫੂਡ ਸਾਇੰਟਿਸਟ ਐਂਡ ਟੈਕਨੋਲੋਜਿਸਟ ਇੰਡੀਆ ਦੇ ਪ੍ਰਧਾਨ ਵੀ ਚੁਣੇ ਗਏ ਸਨ। ਡਾ. ਸਿੰਘ ਨੇ ਰਾਸ਼ਟਰੀ ਪੱਧਰ ’ਤੇ ਕਈ ਵੱਕਾਰੀ ਖੋਜ ਪ੍ਰੋਗਰਾਮ ਕਮੇਟੀਆਂ ਵਿੱਚ ਮਾਹਿਰ ਮੈਂਬਰ ਵਜੋਂ ਸੇਵਾ ਨਿਭਾਈ ਹੈ।

ਉਸ ਦੀ ਤਾਜ਼ਾ ਖੋਜ ਨੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਪ੍ਰਕਾਸ਼ਤ ਕਣਕ ਅਤੇ ਚੌਲਾਂ ਦੀ ਗੁਣਵੱਤਾ ’ਤੇ ਵਾਤਾਵਰਣ ਦੇ ਤਾਪਮਾਨ ਦੇ ਪ੍ਰਭਾਵਾਂ ਨੂੰ ਸਪਸ਼ਟ ਤੌਰ ’ਤੇ ਉਜਾਗਰ ਕੀਤਾ ਹੈ। ਉਨ੍ਹਾਂ ਵਾਤਾਵਰਣ ਵਿੱਚ ਹੋਣ ਵਾਲੀਆਂ ਸੰਭਾਵਿਤ ਤਬਦੀਲੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਈਆਂ ਜਾਣ ਵਾਲੀਆਂ ਰਣਨੀਤੀਆਂ ਨੂੰ ਵੀ ਉਜਾਗਰ ਕੀਤਾ ਹੈ।

ਉਨ੍ਹਾਂ ਦੀਆਂ ਤਿੰਨ ਸੌ ਦੇ ਲਗਪਗ ਖੋਜ ਪ੍ਰਕਾਸ਼ਨਾਵਾਂ ਸਦਕਾ ਉਨ੍ਹਾਂ ਦੀ ਖੋਜ ਨੂੰ ਵਿਗਿਆਨਕ ਭਾਈਚਾਰੇ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਸਾਂਝਾ ਕੀਤਾ ਗਿਆ ਹੈ। ਉਸ ਪਾਸ ਖੋਜ ਸਮੱਸਿਆਵਾਂ ਦਾ ਵਿਆਪਕ ਤੌਰ ’ਤੇ ਹੱਲ ਕਰਨ ਲਈ ਵਿਭਿੰਨ ਪਿਛੋਕੜ ਵਾਲੇ ਖੋਜਕਰਤਾਵਾਂ ਨੂੰ ਇਕੱਠੇ ਲਿਆਉਣ ਦੀ ਡੂੰਘੀ ਦਿਲਚਸਪੀ ਅਤੇ ਯੋਗਤਾ ਹੈ। ਉਨ੍ਹਾਂ ਦੇ 12 ਵੱਖ-ਵੱਖ ਦੇਸ਼ਾਂ ਵਿੱਚ ਸਥਿਤ ਲਗਭਗ 50 ਵੱਖ-ਵੱਖ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਉਦਯੋਗਾਂ ਦੇ 100 ਤੋਂ ਵੱਧ ਸਹਿ-ਲੇਖਕਾਂ ਦੇ ਨਾਲ ਲੇਖ ਪ੍ਰਕਾਸ਼ਿਤ ਹਨ ਜੋ ਸਪਸ਼ਟ ਤੌਰ ’ਤੇ ਉਨ੍ਹਾਂ ਦੀ ਗੁਣਵੱਤਾ ਨੂੰ ਦਰਸਾਉਂਦੇ ਹਨ। ਉਨ੍ਹਾਂ ਪਾਸ ਐਚ-ਇੰਡੈਕਸ 77 ਅਤੇ 20,000 ਤੋਂ ਵੱਧ ਦਾ ਹਵਾਲਾ ਹੈ।

# ਹਰਿਆਣਾ ਕੈਬਨਿਟ ਵੱਲੋਂ ਧਰਮ ਤਬਦੀਲੀ ਰੋਕਥਾਮ ਬਿੱਲ ਮਨਜ਼ੂਰ



ਚੰਡੀਗੜ੍ਹ, 9 ਫਰਵਰੀ (ਪੋਸਟ ਬਿਊਰੋ)- ਹਰਿਆਣਾ ਵਿਧਾਨ ਸਭਾ ਦਾਬਜਟ ਸੈਸ਼ਨ ਦੋ ਮਾਰਚ ਤੋਂ ਸ਼ੁਰੂ ਹੋਵੇਗਾ ਅਤੇ ਇਹ ਫੈਸਲਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਹੇਠ ਹੋਈ ਕੈਬਨਿਟ ਮੀਟਿੰਗ ਨੇ ਕੀਤਾ ਨੇ। ਇਹ ਬਜਟ ਸੈਸ਼ਨ ਕਿੰਨੇ ਦਿਨ ਦਾ ਹੋਵੇਗਾ, ਉਸ ਬਾਰੇ ਫੈਸਲਾ ਬਿਜ਼ਨਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਵਿੱਚ ਹੋਵੇਗਾ। ਇਸ ਬਜਟ ਸੈਸ਼ਨ ਵਿੱਚ ਕਈ ਬਿੱਲ ਪੇਸ਼ ਕੀਤੇ ਜਾਣਗੇ। ਹਰਿਆਣਾ ਕੈਬਨਿਟ ਦੀ ਮੀਟਿੰਗ ਵਿੱਚ 28 ਮਤੇ ਰੱਖੇ ਗਏ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਹਰਿਆਣਾ ਸਰਕਾਰ ਵੱਲੋਂ ਸੂਬੇ ਵਿੱਚ ਧਰਮ ਤਬਦੀਲੀ ਰੋਕਥਾਮ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਬਿੱਲ ਨੂੰ ਕੈਬਨਿਟ ਨੇ ਮਨਜ਼ੂਰ ਕਰ ਦਿੱਤਾ ਹੈ ਅਤੇ ਇਹ ਬਜਟ ਸੈਸ਼ਨ ਦੌਰਾਨ ਪੇਸ਼ ਕੀਤਾ ਜਾਵੇਗਾ। ਵਿਧਾਨ ਸਭਾ ਦੀ ਮਨਜ਼ੂਰੀ ਪਿੱਛੋਂਇਸ ਕਾਨੂੰਨ ਨੂੰ ਆਖਰੀ ਰੂਪ ਮਿਲੇਗਾ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਧਰਮ ਬਦਲੇ ਬਿਨਾਂ ਕੋਈ ਵੀ ਵਿਆਹ ਕਰ ਸਕਦਾ ਹੈ, ਉਸ ਉੱਤੇ ਕੋਈ ਰੋਕ ਨਹੀਂ, ਪਰ ਜੇ ਕੋਈ ਪੈਸੇ ਦੇ ਲਾਲਚ ਵਿੱਚ ਜਬਰਨ ਕਿਸੇ ਦਾ ਧਰਮ ਬਦਲੀ ਕਰਵਾ ਤਾਂ ਉਸ ਉੱਤੇ ਕਾਰਵਾਈ ਹੋਵੇਗੀ।

ਉਨ੍ਹਾਂ ਨੇ ਦੱਸਿਆ ਕਿ ਸੂਬੇ ਵਿੱਚ ਗਰੁੱਪ ਸੀ ਅਤੇ ਡੀ ਦੇ ਅਹੁਦਿਆਂ ਉੱਤੇ ਜਲਦੀ ਭਰਤੀ ਕੀਤੀ ਜਾਵੇਗੀ ਅਤੇ ਸਾਰੇ ਵਿਭਾਗਾਂ ਤੋਂ 11 ਫਰਵਰੀ ਤਕ ਗਰੁੱਪ ਸੀ ਅਤੇ ਡੀ ਦੇ ਵੇਰਵੇ ਮੰਗੇ ਹਨ।ਖੱਟਰ ਨੇ ਕਿਹਾ ਕਿ ਨਿੱਜੀ ਖੇਤਰ ਵਿੱਚ 75 ਫੀਸਦੀ ਨੌਕਰੀਆਂ ਵਿੱਚ ਰਾਖਵਾਂਕਰਨ ਦੇਣ ਬਾਰੇ ਸੁਪਰੀਮ ਕੋਰਟ ਤਕ ਲੜਾਈ ਲੜੀ ਜਾਵੇਗੀ। ਹਰਿਆਣਾ ਹਾਈ ਕੋਰਟ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ ਵਿੱਚ ਅਪੀਲ ਹੋਈ ਹੈ ਜਿਸ ਦੀ ਸੁਣਵਾਈ 11 ਫਰਵਰੀ ਨੂੰ ਹੋਵੇਗੀ।

# ਭਾਰਤ ਵਿੱਚ ਮੁਸਲਮਾਨਾਂ ਖਿਲਾਫ ਨਫਰਤ ਆਮ ਗੱਲ: ਉਮਰ ਅਬਦੁੱਲਾ



ਸ੍ਰੀਨਗਰ, 9 ਫਰਵਰੀ (ਪੋਸਟ ਬਿਊਰੋ)- ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਕਰਨ-ਾਟਕ ਦੇ ਕਾਲਜਾਂ ਵਿੱਚ ਹਿਜਾਬ ਬਨਾਮ ਭਗਵਾ ਸ਼ਾਲ ਦਾ ਵਿਵਾਦ ਭਖਣ ਦੇ ਹਵਾਲੇ ਨਾਲ ਕੱਲ੍ਹ ਕਿਹਾ ਕਿ ਦੇਸ਼ ਵਿੱਚ ਮੁਸਲਮਾਨਾਂ ਖਿਲਾਫ ਨਫਰਤ ਆਮ ਗੱਲ ਹੋ ਗਈ ਹੈ ਤੇ ਭਾਰਤ ਵਿੱਚ ਧਾਰਮਿਕ ਇਕਸੁਰਤਾ ਨਜ਼ਰ ਨਹੀਂ ਆਉਂਦੀ।

ਉਮਰ ਅਬਦੁੱਲਾ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਇੱਕ ਵੀਡੀਓ ਉੱਤੇ ਟਿੱਪਣੀ ਕਰ ਰਹੇ ਸਨ, ਜਿਸ ਵਿੱਚ ਕਰਨਾਟਕ ਦੇ ਇੱਕ ਕਾਲਜ ਵਿੱਚ ਕੁਝ ਵਿਅਕਤੀ ਹਿਜਾਬ ਪਾਈ ਇੱਕ ਔਰਤ ਉੱਤੇਟਿਪਣੀਆਂ ਕਰਦੇ ਨਾਅਰੇ ਲਾ ਰਹੇ ਸਨ।ਉਮਰ ਨੇ ਇੱਕ ਟਵੀਟ ਵਿੱਚ ਉਪਰੋਕਤ ਵੀਡੀਓ ਟੈਗ ਕਰ ਕੇ ਕਿਹਾ, ''ਇਹ ਵਿਅਕਤੀ ਕਿੰਨੇ ਦਲੇਰ ਹਨ, ਉਹ ਇੱਕ ਇਕੱਲੀ ਮੁਟਿਆਰ ਨੂੰ ਨਿਸ਼ਾਨਾਬਣਾ ਕੇ ਕਿੰਨੀ ਮਰਦਾਨਗੀ ਮਹਿਸੂਸ ਕਰ ਰਹੇ ਹੋਣਗੇ। ਅੱਜ ਭਾਰਤ ਵਿੱਚ ਮੁਸਲਮਾਨਾਂ ਖਿਲਾਫ ਨਫਰਤ ਮੁਕੰਮਲ ਰੂਪ ਵਿੱਚ ਮੁੱਖਧਾਰਾ ਦਾ ਹਿੱਸਾ ਹੋਣਾ ਆਮ ਗੱਲ ਹੈ। ਅਸੀਂ ਉਹ ਮੁਲਕ ਨਹੀਂ ਰਹਿ ਰਹੇ, ਜੋ ਧਾਰਮਿਕ ਇਕਸੁਰਤਾ ਦਾ ਜਸ਼ਨ ਮਨਾਉਂਦਾ ਨਹੀਂ ਥੱਕਦਾ ਸੀ, ਅਸੀਂ ਲੋਕਾਂ ਨੂੰ ਇਸ ਲਈ ਸਜ਼ਾ ਦੇਣਾ ਚਾਹੁੰਦੇ ਹਾਂ ਤੇ ਉਨ੍ਹਾਂ ਨੂੰ ਇਸ ਤੋਂ ਲਾਂਭੇ ਰੱਖਿਆ ਜਾ ਰਿਹੈ।'

ਵਰਨਣ ਯੋਗ ਹੈ ਕਿ ਕਰਨ-ਾਟਕ ਦੇ ਉਡੂਪੀ ਸ਼ਿਵਾਮੋਗਾ, ਬਾਗਲਕੋਟ ਤੇ ਹੋਰਨਾਂ ਹਿੱਸਿਆਂ ਵਿੱਚ ਹਿਜਾਬ ਮਸਲੇ ਨੂੰ ਲੈ ਕੇ ਸਿੱਖਿਆ ਸੰਸਥਾਵਾਂ ਵਿੱਚ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਹੈ। ਪਿਛਲੇ ਮਹੀਨੇ ਉਡੂਪੀ ਦੇ ਸਰਕਾਰੀ ਕਾਲਜ ਵਿੱਚ ਪੜ੍ਹਦੀਆਂ ਛੇ ਵਿਦਿਆਰਥਣਾ ਨੂੰ ਕੈਂਪਸ ਵਿੱਚ ਹਿਜਾਬ ਪਾ ਕੇ ਆਉਣ ਤੋਂ ਰੋਕਣ ਨਾਲ ਇਹ ਮੁੱਦਾ ਸ਼ੁਰੂ ਹੋਇਆ ਸੀ ਤੇ ਮਗਰੋਂ ਇਹ ਰਾਜ ਦੇ ਹੋਰਨਾਂ ਹਿੱਸਿਆਂ ਵਿੱਚ ਫੈਲ ਗਿਆ। ਸੱਤਾਧਾਰੀ ਭਾਜਪਾ ਵੱਲੋਂ ਇਕਸਾਰ ਨਿਯਮ ਦੀ ਹਮਾਇਤ ਕੀਤੇ ਜਾਣ ਨਾਲ ਇਸ ਘਟਨਾ ਨੇ ਸਿਆਸੀ ਰੰਗਤ ਲੈ ਲਈ ਹੈ।

# ਕਾਜ਼ੀ ਪਾਕਿਸਤਾਨ ਦੇ ਅਗਲੇ ਵਿਦੇਸ਼ ਸੈਕਟਰੀ ਨਿਯੁਕਤ



ਇਸਲਾਮਾਬਾਦ, 9 ਫਰਵਰੀ (ਪੋਸਟ ਬਿਊਰੋ)- ਤੁਰਕੀ ਵਿੱਚ ਪਾਕਿਸਤਾਨ ਦੇ ਰਾਜਦੂਤ ਮੁਹੰਮਦ ਸਾਈਰਸ ਸੱਜਾਦ ਕਾਜ਼ੀ ਅਗਲੇ ਮਹੀਨੇ ਵਿਦੇਸ਼ ਸੈਕਟਰੀ ਵਜੋਂ ਸੋਹੇਲ ਮਹਿਮੂਦ ਦੀ ਜਗ੍ਹਾ ਲੈ ਸਕਦੇ ਹਨ। ਕਾਜ਼ੀ ਇਸ ਤੋਂ ਪਹਿਲਾਂ ਨਵੀਂ ਦਿੱਲੀ ਵਿੱਚ ਆਪਣੀ ਸੇਵਾ ਦੇ ਚੁੱਕੇ ਹਨ। ਮੌਜੂਦਾ ਵਿਦੇਸ਼ ਸੈਕਟਰੀ ਸੋਹੇਲ ਮਹਿਮੂਦ ਇਸ ਸਾਲ ਮਾਰਚ ਵਿੱਚ ਆਪਣੇ ਤਿੰਨ ਸਾਲ ਦੇ ਕਾਰ-ਜਕਾਲ ਨੂੰ ਪੂਰਾ ਕਰ ਲੈਣਗੇ।

ਇਸ ਵੇਲੇ ਸਾਇਰਸ ਕਾਜ਼ੀ ਸੀਨੀਅਰ ਗ੍ਰੇਡ-21 ਦੇ ਅਫ਼ਸਰ ਹਨ ਤੇ ਇੱਕ ਮਹੀਨੇ ਦੇ ਅੰਦਰ ਉਨ੍ਹਾਂ ਨੂੰ ਤਰੱਕੀ ਦੇਣ ਉਤੇ ਉਨ੍ਹਾਂ ਦੇ ਗ੍ਰੇਡ-22 ਵਿੱਚ ਹੋਣ ਦੀ ਸੰਭਾਵਨਾ ਹੈ, ਜੋ ਸਿਵਲ ਨੌਕਰਸ਼ਾਹੀ ਵਿੱਚ ਸਭ ਤੋਂ ਵੱਡਾ ਗ੍ਰੇਡ ਹੈ। ਕੁਝ ਰਜਨੀਤਕ ਸੂਤਰਾਂ ਨੇ ਦੱਸਿਆ ਕਿ ਸਾਈਰਸ ਕਾਜ਼ੀ ਨੇ ਵਾਸ਼ਿੰਗਟਨ, ਨਵੀਂ ਦਿੱਲੀ (2005-06) ਤੇ ਹੋਰ ਦੇਸ਼ਾਂ ਵਿੱਚ ਮਹੱਤਵ ਪੂਰਨ ਰਾਜਨੀਤਕ ਅਹੁਦਿਆਂ ਉੱਤੇ ਕੰਮ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਜੂਨ 2013 ਤੋਂ ਅਕਤੂਬਰ 2015 ਤਕ ਪ੍ਰਧਾਨ ਮੰਤਰੀ ਦੇ ਦਫ਼ਤਰ ਵਿੱਚ ਕੰਮ ਕੀਤਾ। ਮੌਜੂਦਾ ਵਿਦੇਸ਼ ਸੈਕਟਰੀ ਸੋਹੇਲ ਮਹਿਮੂਦ ਦੇ ਅੰਕਾਰਾ ਵਿੱਚ ਰਾਜਦੂਤ ਬਣਨ ਦੀ ਉਮੀਦ ਹੈ, ਜਿੱਥੇ ਉਹ ਪਹਿਲਾਂ ਵੀ ਰਾਜਦੂਤ ਵਜੋਂ ਕੰਮ ਕਰ ਚੁੱਕੇ ਹਨ। ਉਹ ਇਸੇ ਸਾਲ ਸਤੰਬਰ ਵਿੱਚ ਰਿਟਾਇਰ ਹੋਣ ਜਾ ਰਹੇ ਹਨ। ਇੱਕ ਹੋਰ ਮਹੱਤਵਪੂਰਨ ਘਟਨਾਕ੍ਰਮ ਵਿੱਚ ਵਿਦੇਸ਼ ਮੰਤਰੀ ਦਫ਼ਤਰ ਵਿੱਚ ਵਿਸ਼ੇਸ਼ ਸਕੱਤਰ ਰੇਜ਼ਾ ਬਸ਼ੀਰ ਤਰਾਰ ਨੂੰ ਜਾਪਾਨ ਦਾ ਰਾਜਦੂਤ ਨਿਯੁਕਤ ਕੀਤਾ ਜਾਵੇਗਾ।

# ਮੇਘਾਲਿਆ ਵਿੱਚ ਕਾਂਗਰਸ ਦੇ 5 ਵਿਧਾਇਕ ਭਾਜਪਾ ਗਠਜੋੜ ਦੇ ਨਾਲ ਜਾ ਰਲੇ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਮੇਘਾਲਿਆ ਵਿੱਚ ਕਾਂਗਰਸ ਦੇ ਪੰਜ ਵਿਧਾਇਕ ਕੱਲ੍ਹ ਭਾਜਪਾ ਹਮਾਇਤੀ ਸੱਤਾਧਾਰੀ ਮੇਘਾਲਿਆ ਜਨਤਾਂਤਰਿਕ ਗਠਜੋੜ (ਐਮ ਡੀ ਏ) ਵਿੱਚ ਸ਼ਾਮਲ ਹੋ ਗਏ।

ਪਿਛਲੇ ਸਾਲ ਸਾਬਕਾ ਮੁੱਖ ਮੰਤਰੀ ਮੁਕੁਲ ਸੰਗਮਾ ਸਮੇਤ 12 ਵਿਧਾਇਕ ਕਾਂਗਰਸ ਛੱਡ ਕੇ ਤ੍ਰਿਣਮੂਲ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ। ਕਾਂਗਰਸ ਵਿਧਾਇਕ ਦਲ (ਸੀ ਐਲ ਪੀ) ਨੇ ਰਸਮੀ ਤੌਰ ਉੱਤੇ ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਨੂੰ ਸਮਰਥਨ ਦਾ ਇੱਕ ਪੱਤਰ ਦਿੱਤਾ ਹੈ, ਜਿਸ ਵਿੱਚ ਕਾਂਗਰਸ ਵਿਧਾਇਕ ਦਲ ਦੇ ਨੇਤਾ ਅਮਪਰੀਨ ਲਿੰਗਦੋਹ, ਵਿਧਾਇਕ ਪੀ ਟੀ ਸਾਕਮੀ, ਮਾਯਰਲਬੋਰਨ ਸਿਏਮ, ਕੇ ਐਸ ਮਾਰਬਾਨਿਯਾਂਗ ਅਤੇ ਮੋਹੇਂਦਰੋ ਰਾਪਸਾਂਗ ਨੇ ਦਸਤਖਤ ਕੀਤੇ ਹਨ। ਪੱਤਰ ਦੀ ਇੱਕ ਕਾਪੀ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਭੇਜੀ ਗਈ ਹੈ।

ਦੂਜੇ ਪਾਸੇ ਭਾਜਪਾ ਤੋਂ ਅਸਤੀਫ਼ਾ ਦੇ ਚੁੱਕੇ ਤ੍ਰਿਪੁਰਾ ਦੇ ਦੋ ਸੀਨੀਅਰ ਨੇਤਾ ਸੁਦੀਪ ਰਾਏ ਬਰਮਨ ਤੇ ਆਸ਼ੀਸ਼ ਸਾਹਾ ਕੱਲ੍ਹ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਦੋ ਵਿਧਾਇਕਾਂ ਨੇ ਕੱਲ੍ਹ ਤ੍ਰਿਪੁਰਾ ਵਿਧਾਨ ਸਭਾ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ। ਦੋਵਾਂ ਵਿਧਾਇਕਾਂ ਨੇ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਵੀ ਅਸਤੀਫਾ ਦੇ ਦਿੱਤਾ। ਬਰਮਨ ਅਤੇ ਸਾਹਾ ਨੇ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਢੇਰਾ ਨਾਲ ਮੁਲਾਕਾਤ ਤੋਂ ਬਾਅਦ ਪਾਰਟੀ ਦੀ ਮੈਂਬਰਸ਼ਿਪ ਹਾਸਲ ਕੀਤੀ। ਇਹ ਦੋਵੇਂ ਨੇਤਾ ਪਹਿਲਾਂ ਕਾਂਗਰਸ ਵਿੱਚ ਰਹਿ ਚੁੱਕੇ ਹਨ। ਕਾਂਗਰਸ ਦੇ ਤ੍ਰਿਪੁਰਾ ਇੰਚਾਰਜ ਨੇ ਦੋਵਾਂ ਨੇਤਾਵਾਂ ਦਾ ਪਾਰਟੀ ਵਿੱਚ ਸਵਾਗਤ ਕਰਦੇ ਹੋਏ ਕਿਹਾ ਕਿ ਦੋਵਾਂ ਨੇਤਾਵਾਂ ਦੇ ਆਉਣ ਨਾਲ ਪੂਰਬ ਉਤਰ ਵਿੱਚ ਭੂਚਾਲ ਆ ਗਿਆ ਹੈ। ਸਾਲ 2023 ਵਿੱਚ ਤ੍ਰਿਪੁਰਾ ਵਿੱਚ ਕਾਂਗਰਸ ਸਰਕਾਰ ਬਣਨੀ ਤੈਅ ਹੈ। ਉਨ੍ਹਾਂ ਦਾਅਵਾ ਕੀਤਾ ਕਿ ਤ੍ਰਿਪੁਰਾ ਵਿੱਚ ਭਾਜਪਾ ਦੇ ਦੋ ਹੋਰ ਵਿਧਾਇਕ ਛੇਤੀ ਹੀ ਕਾਂਗਰਸ ਵਿੱਚ ਸ਼ਾਮਲ ਹੋਣਗੇ।

ਕਸ਼ਮੀਰ 'ਤੇ ਟਵੀਟ ਵਿਵਾਦ:

# ਹੁੰਡਈ ਦੀ ਗਲਤੀ ਉੱਤੇ ਦੱਖਣੀ ਕੋਰੀਆਨੇ ਮੁਆਫ਼ੀ ਮੰਗੀ

ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਕਸ਼ਮੀਰ ਉੱਤੇ ਦੱਖਣੀ ਕੋਰੀਅਨ ਕੰਪਨੀ ਹੁੰਡਈ ਦੀ ਸੋਸ਼ਲ ਮੀਡੀਆ ਪੋਸਟ ਬਾਰੇ ਸਾਊਥ ਕੋਰੀਆ ਦੇ ਵਿਦੇਸ਼ ਮੰਤਰੀ ਚੁੰਗ ਯੂਈ-ਯੋਂਗ ਨੇ ਫੋਨ ਉੱਤੇ ਭਾਰਤ ਤੋਂ ਮੁਆਫ਼ੀ ਮੰਗ ਲਈ ਹੈ। ਵਿਦੇਸ਼ ਮੰਤਰਾਲੇ ਅਨੁਸਾਰ ਦੱਖਣੀ ਕੋਰੀਆ ਦੇ ਵਿਦੇਸ਼ ਮੰਤਰੀ ਨੇ ਐਸ ਜੈਸ਼ੰਕਰ ਨਾਲ ਟੈਲੀਫੋਨ ਉੱਤੇ ਗੱਲਬਾਤ ਦੇ ਦੌਰਾਨ ਇਸ ਮਾਮਲੇ ਬਾਰੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਸਾਊਥ ਕੋਰੀਆ ਦੀ ਰਾਜਧਾਨੀ ਸਿਉਲ ਵਿੱਚ ਭਾਰਤ ਦੇ ਰਾਜਦੂਤ ਨੇ ਹੁੰਡਈ ਮੁੱਖ ਦਫ਼ਤਰ ਤੋਂ ਇਸ ਮਾਮਲੇ ਵਿੱਚ ਸਪੱਸ਼ਟੀਕਰਨ ਮੰਗਿਆ ਹੈ।

ਇਸ ਸੰਬੰਧ ਵਿੱਚ ਛਿੜੇ ਵੱਡੇ ਵਿਵਾਦ ਦੀ ਜਦ ਵਿੱਚ ਕੇ ਐਫ ਸੀ ਜਾਮਿਨੋਜ਼, ਫਿਜਾ ਹਟ, ਉਸਾਕਾ ਬੈਟਰੀ, ਆਈਸੂਜ਼ੂ ਡੀ-ਮੈਰਸ, ਬਾਸ਼ ਫਾਮਾਰਸਯੂਟਿਕਲਸ, ਐਟਲਸ ਹੋਂਡਾ ਲਿਮਿਟਡ ਤੇ ਕਿਆ ਮੋਟਰਸ ਆ ਗਈ ਹੈ। ਸੋਸ਼ਲ ਮੀਡੀਆ ਉੱਤੇ ਇਨ੍ਹਾਂ ਸਾਰੀਆਂ ਕੰਪਨੀਆਂ ਦੇ ਪਾਕਿਸਤਾਨੀ ਸੋਸ਼ਲ ਮੀਡੀਆ ਹੈਂਡਲ ਤੋਂ ਵੀ 5 ਫਰਵਰੀ ਨੂੰ ਕਸ਼ਮੀਰ ਸਾਲਿਡੈਰਿਟੀ-ਡੇ ਉੱਤੇ ਕੀਤੇ ਗਏ ਪੋਸਟ ਵਾਇਰਲ ਹੋ ਰਹੇ ਹਨ। ਇਸ ਦੇ ਬਾਅਦ ਇਨ੍ਹਾਂ ਦੇ ਵੀ ਬਾਈਕਾਟ ਦੀ ਮੰਗ ਸ਼ੁਰੂ ਹੋ ਗਈ ਹੈ। ਇਨ੍ਹਾਂ ਕੰਪਨੀਆਂ ਨੇ ਵੀ ਮਾਫੀ ਮੰਗਣੀ ਸ਼ੁਰੂ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਪਾਕਿ-ਸਤਾਨ ਵੱਲੋਂ 5 ਫਰਵਰੀ ਨੂੰ 'ਕਸ਼ਮੀਰ ਸਾਲਿਡੈਰਿਟੀ-ਡੇ' ਮਨਾਉਣ ਮੌਕੇ ਹੁੰਡਈ ਪਾਕਿਸਤਾਨ ਨੇ ਟਵੀਟ ਕਰ ਕੇ ਪਾਕਿਸਤਾਨ ਦਾ ਸਮਰਥਨ ਕੀਤਾ ਸੀ। ਟਵੀਟ ਵਿੱਚ ਕਸ਼ਮੀਰ ਦੀ ਅੱਤਵਾਦੀ ਹਿੰਸਾ ਨੂੰ ਆਜ਼ਾਦੀ ਦੀ ਲੜਾਈ ਦੱਸਿਆ ਗਿਆ ਸੀ।ਇਸ ਪਿੱਛੋਂ ਸੋਸ਼ਲ ਮੀਡੀਆ ਯੂਜ਼ਰਸ ਨੇ ਹੁੰਡਈ ਮੋਟਰਸ ਨੂੰ ਬੁਰੀ ਤਰ੍ਹਾਂ ਟ੍ਰੋਲ ਕੀਤਾ ਸੀ। ਟਵੀਟ ਕਰਨ ਵਾਲੀ ਕੰਪਨੀਆਂ ਵਿੱਚੋਂ ਹੁੰਡਈ ਦੇ ਬਾਅਦ ਦੂਸਰੀਆਂ ਕੰਪਨੀਆਂ ਨੇ ਵੀ ਮਾਫੀ ਮੰਗਣੀ ਸ਼ੁਰੂ ਕਰ ਦਿੱਤੀ ਹੈ। ਪਹਿਲਾਂ ਐਫ ਸੀ ਅਤੇ ਡਾਮਿਨੋਜ਼ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਮੁਆਫੀ ਮੰਗੀ ਹੈ।

# ਮਹਾਭਾਰਤ 'ਚ ਭੀਮ ਦਾ ਰੋਲ ਕਰਨ ਵਾਲੇ ਪ੍ਰਵੀਨ ਕੁਮਾਰ ਦਾ ਦਿਹਾਂਤ



ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਅਦਾਕਾਰ ਅਤੇ ਅਥਲੀਟ ਪ੍ਰਵੀਨ ਕੁਮਾਰ ਸੋਬਤੀ (74) ਦਾ ਸੋਮਵਾਰ ਰਾਤ ਦਿਹਾਂਤ ਹੋ ਗਿਆ। ਉਨ੍ਹਾ ਇੱਥੇ ਅਸ਼ੋਕ ਵਿਹਾਰ ਵਿਖੇ ਆਪਣੇ ਘਰ ਆਖਰੀ ਸਾਹ ਲਿਆ।

ਪ੍ਰਵੀਨ ਕੁਮਾਰ ਟੀ ਵੀ ਸੀਰੀਅਲ 'ਮਹਾਭਾਰਤ' ਵਿੱਚ ਕੀਤੇ 'ਭੀਮ' ਦੇ ਕਿਰਦਾਰ ਅਤੇ ਏਸ਼ੀਆਈ ਖੇਡਾਂ ਵਿੱਚ ਸੋਨ ਤਮਗੇ ਜੇਤੂ ਵਜੋਂ ਜਾਣੇ ਜਾਂਦੇ ਸਨ। ਉਨ੍ਹਾ ਦੇ ਇੱਕ ਰਿਸ਼ਤੇਦਾਰ ਨੇ ਦੱਸਿਆ, ''ਉਨ੍ਹਾਂ ਨੂੰ ਲੰਮੇ ਸਮੇਂ ਤੋਂ ਛਾਤੀ ਦੀ ਇਨਫੈਕਸ਼ਨ ਸੀ। ਰਾਤ ਜਦੋਂ ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੋਈ, ਅਸੀਂ ਡਾਕਟਰ ਨੂੰ ਘਰ ਬੁਲਾਇਆ। ਦਿੱਲ ਦਾ ਦੌਰਾ ਪੈਣ ਕਾਰਨ ਉਹ ਰਾਤ 10 ਤੋਂ 10.30 ਦੌਰਾਨ ਅਕਾਲ ਚਲਾਣਾ ਕਰ ਗਏ।''

ਵਰਨਣ ਯੋਗ ਹੈ ਕਿ ਪ੍ਰਵੀਨ ਕੁਮਾਰ ਸੋਬਤੀ ਵੀਹ ਸਾਲ ਦੀ ਉਮਰ ਵਿੱਚ ਸੀਮਾ ਸੁਰੱਖਿਆ ਬਲ (ਬੀ ਐਸ ਐਫ) ਵਿੱਚ ਭਰਤੀ ਹੋਏ ਸਨ, ਜਿੱਥੇ ਪਹਿਲੀ ਵਾਰ ਉਨ੍ਹਾਂ ਦੇ ਐਥਲੈਟਿਕ ਹੁਨਰ ਦਾ ਪਤਾ ਲੱਗਾ। ਉਨ੍ਹਾਂ ਨੇ ਹੈਮਰ ਅਤੇ ਡਿਸਕਸ ਥਰੋਅ ਦੇ ਵੱਖ-ਵੱਖ ਮੁਕਾਬਲਿਆਂ ਵਿੱਚ ਦੇਸ਼ ਦੀ ਪ੍ਰਤੀਨਿਧਤਾ ਕੀਤੀ ਤੇ ਏਸ਼ੀਅਨ ਖੇਡਾਂ ਵਿੱਚ ਚਾਰ ਤਮਗੇ ਜਿੱਤੇ, ਜਿਨ੍ਹਾਂ ਵਿੱਚ 1966 ਅਤੇ 1970 ਦੀਆਂ ਖੇਡਾਂ ਵਿੱਚ ਜਿੱਤੇ ਹੋਏ ਦੋ ਸੋਨ ਤਮਗੇ ਵੀ ਹਨ। ਉਨ੍ਹਾਂ ਨੇ 1966 ਦੀਆਂ ਕਾਮਨਵੈੱਲਥ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਸੀ। ਇਸ ਤੋਂ ਬਾਅਦ ਪ੍ਰਵੀਨ ਕੁਮਾਰ ਨੇ ਅਦਾਕਾਰੀ ਦੇ ਖੇਤਰ ਵਿੱਚ ਕੈਰੀਅਰ ਸ਼ੁਰੂ ਕੀਤਾ ਅਤੇ 1988 ਵਿੱਚ ਬੀ ਆਰ ਚੋਪੜਾ ਦੇ ਟੀ ਵੀ ਸੀਰੀਅਲ 'ਮਹਾਭਾਰਤ' ਵਿੱਚ ਭੀਮ ਦੀ ਭੂਮਿਕਾ ਨਿਭਾ ਕੇ ਪ੍ਰਸਿੱਧੀ ਹਾਸਲ ਕੀਤੀ। ਸੋਬਤੀ ਨੇ ਲਗਭਗ ਪੰਜਾਹ ਫਿਲਮਾਂ ਵਿੱਚ ਸਹਾਇਕ ਭੂਮਿਕਾ ਨਿਭਾਈ, ਜਿਨ੍ਹਾਂ ਵਿੱਚ 'ਅਧਿਕਾਰ', 'ਯੁੱਧ', 'ਘਾਇਲ', 'ਸ਼ਹਿਨਸ਼ਾਹ' ਅਤੇ 'ਆਜ ਕਾ ਅਰਜੁਨ' ਸ਼ਾਮਲ ਹਨ। ਉਨ੍ਹਾ ਨੇ 2013 ਵਿੱਚ ਸਿਆਸਤ ਵਿੱਚ ਪੈਰ ਰੱਖਿਆ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ, ਪਰ ਭਾਜਪਾ ਦੇ ਮਹਿੰਦਰ ਨਾਗਪਾਲ ਤੋਂ ਚੋਣ ਹਾਰ ਗਏ ਅਤੇਫਿਰ 2015 ਵਿੱਚ ਉਹ ਭਾਜਪਾ ਵਿਚ ਚਲੇ ਗਏ। ਪ੍ਰਵੀਨ ਕੁਮਾਰ ਦੇ ਪਰਵਾਰ ਵਿੱਚ ਪਿੱਛੇ ਪਤਨੀ, ਬੇਟੀ ਅਤੇ ਦੋ ਛੋਟੇ ਭਰਾ ਅਤੇ ਇੱਕ ਭੈਣ ਹੈ। ਪ੍ਰਵੀਨ ਕੁਮਾਰ ਸੋਬਤੀ ਦਾ ਸਬੰਧ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਨਾਲ ਸੀ। ਉਨ੍ਹਾਂ ਦਾ ਜਨਮ ਛੇ ਸਤੰਬਰ 1948 ਨੂੰ ਪਿੰਡ ਸਰਹਾਲੀ (ਉਦੋਂ ਜ਼ਿਲ੍ਹਾ ਅੰਮ੍ਰਿਤਸਰ) ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਕੁਲ-ਵੰਤ ਸਿੰਘ ਪੰਜਾਬ ਪੁਲਸ ਵਿੱਚੋਂ ਥਾਣੇਦਾਰ ਸੇਵਾਮੁਕਤ ਹੋਏ ਸਨ। ਪ੍ਰਵੀਨ ਕੁਮਾਰ ਨੇ ਉਚ ਸਿੱਖਿਆ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਹਾਸਲ ਕੀਤੀ।

# ਲੜੀਵਾਰ ਧਮਾਕਿਆਂ ਦੇ ਕੇਸ ਵਿੱਚ 49 ਲੋਕ ਦੋਸ਼ੀ ਕਰਾਰ, 28 ਬਰੀ



ਅਹਿਮਦਾਬਾਦ, 9 ਫਰਵਰੀ (ਪੋਸਟ ਬਿਊਰੋ)- ਸਾਲ 2008 ਵਿੱਚ ਗੁਜਰਾਤ ਦੇ ਅਹਿਮਦਾਬਾਦ ਵਿਖੇ ਹੋਏ ਲੜੀਵਾਰ ਬੰਬ ਧਮਾਕਿਆਂ ਬਾਰੇ ਇੱਥੋਂ ਦੀ ਵਿਸ਼ੇਸ਼ ਅਦਾਲਤ ਨੇ ਕੱਲ੍ਹ 49 ਜਣਿਆਂ ਨੂੰ ਦੋਸ਼ੀ ਕਰਾਰ ਦਿੱਤਾ। ਇਨ੍ਹਾਂ ਧਮਾਕਿਆਂ ਵਿੱਚ 56 ਵਿਅਕਤੀ ਮਾਰੇ ਗਏ ਅਤੇ 200 ਤੋਂ ਵਧ ਜ਼ਖ਼ਮੀ ਹੋਏ ਸਨ।

ਜੱਜ ਏ ਆਰ ਪਟੇਲ ਨੇ ਗੁਜਰਾਤ ਦੇ ਸਭ ਤੋਂ ਵੱਡੇ ਇਸ ਸ਼ਹਿਰ ਵਿੱਚ ਹੋਏ 21 ਲੜੀਵਾਰ ਧਮਾਕਿਆਂ ਦੇ ਦੋਸ਼ੀ 28 ਜਣਿਆਂ ਨੂੰ ਸ਼ੱਕ ਦਾ ਲਾਭ ਦਿੰਦੇ ਹੋਏ ਬਰੀ ਕਰ ਦਿੱਤਾ ਅਤੇ ਜਿਨ੍ਹਾਂ ਲੋਕਾ ਨੂੰ ਦੋਸ਼ੀ ਕਰਾਰ ਦਿੱਤਾ ਹੈ, ਉਨ੍ਹਾਂ ਵਿੱਚ ਸਫਦਰ ਨਾਗਰੀ, ਜਾਵੇਦ ਅਹਿਮਦ ਤੇ ਅਤੀਕੁਰ ਰਹਿਮਾਨ ਸ਼ਾਮਲ ਹਨ। ਹੇਠਲੀ ਅਦਾਲਤ ਨੇ ਧਮਾਕਿਆਂ ਦੇ ਲੱਗਭਗ 13 ਸਾਲ ਬਾਅਦ ਇਹ ਫੈਸਲਾ ਸੁਣਾਇਆ ਹੈ। ਇਸ ਕੇਸ ਵਿੱਚ ਕੁਲ 77 ਮੁਲਜ਼ਮਾਂ ਵਿਰੁੱਧ ਸੁਣਵਾਈ ਪਿਛਲੇ ਸਾਲ ਸਤੰਬਰ ਵਿੱਚ ਮੁਕੰਮਲ ਹੋ ਗਈ ਸੀ।ਸਰਕਾਰੀ ਵਕੀਲ ਅਮਿਤ ਪਟੇਲ ਨੇ ਦੱਸਿਆ ਕਿ ਅਦਾਲਤ ਨੇ 49 ਮੁਲਜ਼ਮਾਂ ਨੂੰ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਐਕਟ ਦੀ ਧਾਰਾ 16, ਜੋ ਅੱਤਵਾਦ ਨਾਲ ਜੁੜੀ ਹੈ, ਅਧੀਨ ਦੋਸ਼ੀ ਕਰਾਰ ਦਿੱਤਾ ਹੈ। ਇਸਤਗਾਸਾ ਪੱਖ ਨੇ ਜ਼ੋਰ ਦਿੱਤਾ ਕਿ ਇਹ ਅੱਤਵਾਦੀ ਘਟਨਾ ਹੈ। ਅਦਾਲਤ ਵਿੱਚ ਮਾਮਲੇ ਦੀ ਸੁਣਵਾਈ ਦੌਰਾਨ 547 ਦੋਸ਼ਪੱਤਰ ਦਾਖਲ ਕੀਤੇ ਗਏ ਅਤੇ 1163 ਗਵਾਹਾਂ ਨੂੰ ਪੇਸ਼ ਕੀਤਾ ਗਿਆ। ਅਦਾਲਤੀ ਕਾਰਵਾਈ ਦੌਰਾਨ ਮੁਲਜ਼ਮਾਂ ਨੂੰ ਵੱਖ-ਵੱਖ ਜੇਲ੍ਹਾਂ ਤੋਂ ਵੀਡੀਓ ਕਾਨਫ਼ਰੰਸਿੰਗ ਰਾਹੀਂ ਪੇਸ਼ ਕੀਤਾ ਗਿਆ। ਵਿਸ਼ੇਸ਼ ਸਰਕਾਰੀ ਵਕੀਲ ਨੇ ਦੱਸਿਆ ਕਿ ਸਜ਼ਾ ਉੱਤੇ ਸੁਣਵਾਈ ਦੌਰਾਨ ਵੀ ਮੁਲਜ਼ਮ ਵੀਡੀਓ ਕਾਨਫ਼ਰੰਸਿੰਗ ਰਾਹੀਂ ਅਦਾਲਤ ਦੀ ਕਾਰਵਾਈ ਵਿੱਚ ਸ਼ਾਮਲ ਹੋਣਗੇ।

ਅਹਿਮਦਾਬਾਦ ਵਿੱਚ ਹੋਏ ਉਕਤ ਧਮਾਕਿਆਂ ਦੀ ਤਾਰ ਹਿਜਬੁਲ ਮੁਜਾਹਿਦੀਨ ਨਾਲ ਜੁੜੀ ਹੋਈ ਸੀ। ਦਸੰਬਰ 2009 ਵਿੱਚ 78 ਵਿਅਕਤੀਆਂ ਵਿਰੁੱਧ ਸੁਣਵਾਈ ਸ਼ੁਰੂ ਹੋਈ ਸੀ। ਬਾਅਦ ਵਿੱਚ ਇੱਕ ਮੁਲਜ਼ਮ ਦੇ ਸਰਕਾਰੀ ਗਵਾਹ ਬਣ ਜਾਣ ਪਿੱਛੋਂ ਕੁਲ ਮੁਲਜ਼ਮਾਂ ਦੀ ਗਿਣਤੀ 77 ਰਹਿ ਗਈ ਸੀ। ਚਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਬਾਅਦ ਵਿੱਚ ਹੋਈ ਸੀ। ਉਨ੍ਹਾਂ ਦੇ ਮਾਮਲਿਆਂ ਦੀ ਸੁਣਵਾਈ ਅਜੇ ਮੁਕੰਮਲ ਹੋਣੀ ਬਾਕੀ ਹੈ।

# ਇਨਕਮ ਟੈਕਸ ਵਿਭਾਗ ਲਤਾ ਮੰਗੇਸ਼ਕਰ ਤੋਂ ਹਾਈ ਕੋਰਟ ਵਿੱਚ ਹਾਰ ਗਿਆ ਸੀ



ਨਵੀਂ ਦਿੱਲੀ, 9 ਫਰਵਰੀ (ਪੋਸਟ ਬਿਊਰੋ)- ਭਾਰਤ ਰਤਨ ਨਾਲ ਸਨਮਾਨਤ ਬਾਲੀਵੁੱਡ ਦੀ ਮਸ਼ਹੂਰ ਗਾਇਕਾ ਲਤਾ ਮੰਗੇਸ਼ਕਰ ਨੇ 26 ਜਨਵਰੀ1963 ਨੂੰ 'ਐ ਮੇਰੇ ਵਤਨ ਦੇ ਲੋਗੋ' ਗਾਣਾ ਗਾਇਆ ਤਾਂ ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਵੀ ਆਪਣੇ ਅੱਥਰੂ ਨਹੀਂ ਰੋਕ ਸਕੇ ਸਨ।

ਇਸੇ ਦੌਰਾਨ ਇਨਕਮ ਟੈਕਸ ਵਿਭਾਗ ਇਸ ਮਹਾਨ ਗਾਇਕਾ ਉੱਤੇ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿੱਚ ਸ਼ਿਕੰਜਾ ਕੱਸਣ ਦੀ ਤਿਆਰੀ ਕਰ ਰਿਹਾ ਸੀ। ਇੱਕ ਮੀਡੀਆ ਰਿਪੋਰਟ ਮੁਤਾਬਕ ਬੰਬੇ ਹਾਈ ਕੋਰਟ ਦੇ ਰਿਕ-ਾਰਡ ਤੋਂ ਪਤਾ ਲੱਗਾ ਹੈ ਕਿ ਆਈ ਟੀ ਵਿਭਾਗ ਲਤਾ ਦੇ ਖ਼ਿਲਾਫ਼ ਇਹ ਕੇਸ ਲੈ ਕੇ ਅਦਾਲਤ ਵਿੱਚ ਪਹੁੰਚ ਗਿਆ ਸੀ, ਜਿਸ ਦੀ ਸਥਾਪਨਾ 1947 ਵਿੱਚ ਦੇਸ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਹੋਈ ਸੀ, ਪਰ ਇਹ ਲਤਾ ਦੀ ਖੁਸ਼ਕਿਸਮਤੀ ਹੀਸੀ ਕਿ ਉਸ ਦੌਰਾਨ ਉਨ੍ਹਾਂ ਨੂੰ ਨਾਨੀ ਪਾਲਕੀਵਾਲਾ ਵਰਗੇ ਮਸ਼ਹੂਰ ਵਕੀਲ ਦਾ ਸਾਥ ਮਿਲਿਆ, ਜਿਨ੍ਹਾਂ ਨੂੰ ਭਾਰਤ ਦਾ ਸੰਵਿਧਾਨ ਤੇ ਇਸ ਦੇ ਨਾਗਰਿਕਾਂ ਦਾ ਅਧਿਕਾਰ ਬਚਾਉਣ ਲਈ ਜਾਣਿਆ ਜਾਂਦਾ ਹੈ। ਇਨਕਮ ਟੈਕਸ ਵਿਭਾਗ ਨਾਲ ਲਤਾ ਦੀ ਅਦਾਲਤਾਂ ਵਿੱਚ ਲੜਾਈ ਲੱਗਭਗ ਤਿੰਨ ਦਹਾਕੇ ਚੱਲੀ ਅਤੇ ਇਨਕਮ ਟੈਕਸ ਵਿਭਾਗ ਨੂੰ ਪਿੱਛੇ ਹਟਣਾ ਪਿਆ ਸੀ।

ਮਦਰਾਸ (ਅੱਜਕੱਲ੍ਹ ਚੇਨਈ) ਵਿੱਚ ਵਾਸੂ ਫਿਲਮਜ਼ ਵੱਲੋਂ ਕੀਤੀਆਂ ਗਈਆਂ ਕੁਝ ਐਂਟਰੀਆਂ ਇੱਕ ਆਈ ਟੀ ਅਧਿਕਾਰੀ ਨੂੰ ਮਿਲੀਆਂ ਸਨ, ਜਿਸ ਦੇ ਆਧਾਰ ਉੱਤੇ ਉਨ੍ਹਾਂ ਅੰਦਾਜ਼ਾ ਲਾਇਆ ਕਿ ਲਤਾ ਨੇ ਆਪਣੀ ਅਸਲ ਆਮਦਨ ਲੁਕੋਈ ਸੀ। 20 ਜੂਨ 1973 ਨੂੰ ਆਈ ਟੀ ਵਿਭਾਗ ਤੇ ਲਤਾ ਵੱਲੋਂ ਦਿੱਤੀਆਂ ਦਲੀਲਾਂ ਨੂੰ ਪੜ੍ਹਨ ਪਿੱਛੋਂ ਹਾਈ ਕੋਰਟ ਨੇ ਕਿਹਾ ਕਿ ਅਸੀਂ ਟ੍ਰਿਬਿਊਨਲ ਦੇ ਵਿਚਾਰ ਨੂੰ ਕਾਇਮ ਰੱਖਦੇ ਹਾਂ, ਇਸ ਲਈ ਜੁਰਮਾਨਾ ਲਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।ਹਾਈ ਕੋਰਟ ਦੇ ਰਿਕਾਰਡ ਇਸ ਦੀ ਪੁਸ਼ਟੀ ਕਰਦੇ ਹਨ ਕਿ ਲਤਾ ਦੇ ਵਧਦੇ ਕੱਦ ਦਾ ਧਿਆਨ ਰੱਖਦੇ ਹੋਏ ਅਦਾਲਤ ਵਿੱਚ ਉਨ੍ਹਾਂ ਦਾ ਸਨਮਾਨ ਵਧਿਆ। ਫੈਸਲਿਆਂ ਵਿੱਚ 1958 ਵਿੱਚ ਉਨ੍ਹਾਂ ਨੂੰ ਪਹਿਲੀ ਵਾਰ ਗਾਇਕਾ, ਫਿਰ ਪ੍ਰਸਿੱਧ ਪਲੇਬੈਕ ਸਿੰਗਰਅਤੇ 1970 ਵਿੱਚ ਮਨਜ਼ੂਰਸ਼ੁਦਾ ਪਲੇਬੈਕ ਸਿੰਗਰਕਹਿ ਕੇ ਸਨਮਾਨ ਦਿੱਤਾ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਨਵੀਂ ਦਿੱਲੀ ਦੇ ਨੈਸ਼ਨਲ ਸਟੇਡੀਅਮ ਵਿੱਚ 1963 ਦੇ ਗਣਤੰਤਰ ਦਿਵਸ ਸਮਾਗਮ ਤੋਂ ਕੁਝ ਦਿਨਾਂ ਬਾਅਦ ਆਈ ਟੀ ਵਿਭਾਗ ਨੇ ਸਾਲ 1962-63, 1963-64 ਅਤੇ 1964-65 ਲਈ ਲਤਾ ਦੀਆਂ ਰਿਟਰਨਸ ਉੱਤੇ ਸਵਾਲ ਉਠਾਇਆ ਸੀ, ਜੋ ਕ੍ਰਮਵਾਰ 1,43,650 ਰੁਪਏ, 1,38,251 ਰੁਪਏ ਅਤੇ 1,19,850 ਰੁਪਏ ਸੀ। ਮੁੱਖ ਤੌਰ ਉੱਤੇ ਇਨਕਮ ਟੈਕਸ ਵਿਭਾਗ ਦੀ ਇਹ ਕਾਰਵਾਈ ਗਾਇਕਾ ਵਜੋਂ ਕੰਮ ਕਰਨ ਤੋਂ ਬਾਅਦ ਮਿਲੀ ਰਸੀਦ ਸਬੰਧੀ ਉਨ੍ਹਾਂ ਵੱਲੋਂ ਡਾਇਰੀ ਵਿੱਚ ਨੋਟ ਕੀਤੀ ਗਈ ਐਂਟਰੀ ਉੱਤੇ ਆਧਾਰਤ ਸੀ। ਦੱਸ ਦੇਈਏ ਕਿ ਬੰਬੇ ਹਾਈ ਕੋਰਟ ਦੇ 30 ਦਸੰਬਰ, 1991 ਦੇ ਫੈਸਲੇ ਤੋਂ ਸਪੱਸ਼ਟ ਹੈ ਕਿ ਆਈ ਟੀ ਵਿਭਾਗ ਨਾਲ ਸਵਰਗੀ ਗਾਇਕਾ ਦਾ ਇਹ ਮਾਮਲਾ 1990 ਦੇ ਦਹਾਕੇ ਦੀ ਸ਼ੁਰੂਆਤ ਤਕ ਜਾਰੀ ਰਿਹਾ।






ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ: 80 West Drive, Brampton

Apply In Person to complete application in the Shipping Department


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769


WWW.KULWINDERCHHINA.COM



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀਂ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at: www.canadianpunjabipost.ca
905-793-2202
ਪੰਜਾਬੀ ਪੋਸਟ



A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton


## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013


Check our Free E-paper at: www.canadianpunjabipost.ca
905-793-2202
ਪੰਜਾਬੀ ਪੋਸਟ


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580


Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal
Co-Host



Iqbal Mahal
Producer & Host

Serving the South Asian Community Since 1976



(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca



A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Call For a Quick & Free Home Evaluation
www.BramptonQuickHomeEvaluation.com

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage
Off: 905-456-3232
www.BramptonTopRelator.com

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਿਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777



FREE ONLINE PROGRAM

JVS TORONTO

# Job Search Workshop for Newcomers



**Looking for information on how to enter your field in Canada?**

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

New registrants must have an assessment prior to the start of the program.

Open to permanent residents, convention refugees or live-in caregivers – internationally trained professionals who are able to work and can communicate in English.

Your First Steps to Employment in Canada

**Now accepting applications.**
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada
Financé par : Immigration, Réfugiés et Citoyenneté Canada
United Way Greater Toronto
UJA FEDERATION of Greater Toronto






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017